ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 85 Thursday, May 02, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2


# ਮਸੂਦ ਅਜ਼ਹਰ ਨੂੰ ਕੌਮਾਂਤਰੀ ਅਤਿਵਾਦੀ ਐਲਾਨਿਆ ਗਿਆ, ਭਾਰਤ ਲਈ ਵੱਡੀ ਕਾਮਯਾਬੀ



ਨਵੀਂ ਦਿੱਲੀ, 1 ਮਈ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਲੁਕੇ ਹੋਏ ਅਤਿਵਾਦੀ ਮਸੂਦ ਅਜ਼ਹਰ ਨੂੰ ਅੱਜ ਯੂ ਐੱਨ ਓ ਨੇ ਕੌਮਾਂਤਰੀ ਅਤਿਵਾਦੀ ਐਲਾਨ ਕਰ ਦਿੱਤਾ ਹੈ। ਯੂ ਐੱਨ ਸੁਰੱਖਿਆ ਕੌਂਸਲ ਨੇ ਜੈਸ਼-ਏ-ਮੁਹੰਮਦ ਦੇ ਮੁਖੀ ਦੱਸੇ ਜਾਂਦੇ ਮਸੂਦ ਅਜ਼ਹਰ ਦੇ ਵਿਰੁੱਧ ਇਹ ਕਾਰਵਾਈ ਕੀਤੀ ਹੈ, ਜਿਸ ਦੀ ਚਿਰਾਂ ਤੋਂ ਮੰਗ ਕੀਤੀ ਜਾ ਰਹੀ ਸੀ।

ਵਰਨਣ ਯੋਗ ਹੈ ਕਿ ਜੈਸ਼-ਏ-ਮੁਹੰਮਦ ਨੇ 14 ਫ਼ਰਵਰੀ ਨੂੰ ਜੰਮੂ-ਕਸ਼ਮੀਰ ਦੇ ਪੁਲ-ਵਾਮਾ ਵਿੱਚ ਵੱਡਾ ਅਤਿਵਾਦੀ ਹਮਲਾ ਕੀਤਾ ਸੀ, ਜਿਸਤੋਂ ਬਾਅਦ ਭਾਰਤ ਲਗਾਤਾਰ ਮਸੂਦ ਨੂੰ ਕੌਮਾਂਤਰੀ ਅਤਿਵਾਦੀ ਐਲਾਨਣ ਲਈ ਕੋਸ਼ਿਸ਼ ਕਰ ਰਿਹਾ ਸੀ ਤੇ 75 ਦਿਨਾਂ ਬਾਅਦ ਉਸ ਨੂੰ ਕਾਮਯਾਬੀ ਮਿਲ ਗਈ ਹੈ। ਯੂ ਐੱਨ ਓ ਸੁਰੱਖਿਆ ਕੌਂਸਲ ਦੇ ਮੈਂਬਰ ਦੇਸ਼ ਅਮਰੀਕਾ, ਬ੍ਰਿਟੇਨ, ਫ਼ਰਾਂਸ ਲਗਾਤਾਰਮਸੂਦ ਅਜ਼ਹਰ ਨੂੰ ਕੌਮਾਂਤਰੀ ਅਤਿਵਾਦੀ ਐਲਾਨਣ ਦੀ ਕੋਸ਼ਿਸ਼ ਕਰਦੇ ਸਨ, ਚੀਨ ਵੀਟੋ ਲਾ ਕੇ ਰੁਕਾਵਟ ਪਾ ਰਿਹਾ ਸੀ, ਉਹ ਅੱਜ ਤਕ 4 ਵਾਰ ਵੀਟੋ ਲਾ ਚੁੱਕਾ ਸੀ, ਪਰ ਪੰਜਵੀਂ ਵਾਰਮਸੂਦ ਨੂੰ ਕੌਮਾਂਤਰੀ ਅੱਤਵਾਦੀ ਐਲਾਨ ਕਰਨ ਦੇ ਮਤੇ ਉੱਤੇ ਉਹ ਵੀ ਸਹਿਮਤ ਹੋ ਗਿਆ।ਮਸੂਦ ਅਜ਼ਹਰ ਸਾਲ 90 ਦੇ ਦਹਾਕੇ ਤੋਂ ਜੰਮੂ-ਕਸ਼ਮੀਰ ਵਿੱਚ ਸਰਗਰਮ ਰਿਹਾ ਹੈ। ਸਾਲ 1994 ਵਿੱਚ ਉਸ ਨੂੰ ਸ੍ਰੀਨਗਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਕੰਧਾਰ ਵਾਲੇ ਹਵਾਈ ਜਹਾਜ਼ ਅਗਵਾ ਕਾਂਡ ਤੋਂ ਬਾਅਦ ਭਾਰਤ ਸਰਕਾਰ ਨੇ ਉਸ ਨੂੰ ਰਿਹਾਅ ਕਰ ਦਿੱਤਾ ਸੀ। ਉਸ ਤੋਂ ਬਾਅਦ ਉਹ ਭਾਰਤ ਲਈ ਚਿੰਤਾ ਦਾ ਵਿਸ਼ਾ ਬਣਿਆ ਰਿਹਾ ਹੈ। ਭਾਰਤ ਤੋਂਛੁੱਟਣ ਪਿੱਛੋਂ ਮਸੂਦ ਨੇ ਜੈਸ਼-ਏ-ਮੁਹੰਮਦ ਨਾਂ ਦਾ ਸੰਗਠਨ ਬਣਾਇਆ ਤੇ ਭਾਰਤ ਵਿੱਚਬਹੁਤ ਸਾਰੇ ਅਤਿਵਾਦੀ ਹਮਲੇ ਕਰਵਾਏ ਹਨ, ਜਿਨ੍ਹਾਂ ਵਿੱਚ 2001 ਵਿੱਚਪਾਰਲੀਮੈਂਟ ਉੱਤੇ ਹਮਲਾ, 2016 ਵਿੱਚ ਪਠਾਨਕੋਟ ਹਮਲਾ, 2018 ਵਿੱਚ ਪਠਾਨਕੋਟ ਹਮਲਾ ਅਤੇ 2019 ਵਿੱਚ ਪੁਲਵਾਮਾ ਹਮਲਾ ਸ਼ਾਮਲ ਸਨ। ...ਬਾਕੀ ਪੰਨਾ 6 'ਤੇ

# ਓਨਟਾਰੀਓ ਸਰਕਾਰ ਨੇ ਚਾਈਲਡ ਕੇਅਰ ਸੈਂਟਰਜ਼ ਨੂੰ ਦਿੱਤੀ ਜਾਣ ਵਾਲੀ 50 ਮਿਲੀਅਨ ਡਾਲਰ ਦੀ ਮਦਦ ਕੀਤੀ ਖ਼ਤਮ



ਟੋਰਾਂਟੋ, 1 ਮਈ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਨੇ ਚਾਈਲਡ ਕੇਅਰ ਸੈਂਟਰਜ਼ ਨੂੰ ਦਿੱਤੀ ਜਾਣ ਵਾਲੀ 50 ਮਿਲੀਅਨ ਡਾਲਰ ਦੀ ਫੰਡ ਰੂਪੀ ਮਦਦ ਬੰਦ ਕਰ ਦਿੱਤੀ ਹੈ।

ਟੋਰਾਂਟੋ ਦੇ ਪੱਛਮ ਵਿੱਚ ਪੀਲ ਰੀਜਨ ਵਿੱਚ ਘੱਟੋ ਘੱਟ ਇੱਕ ਚਾਈਲਡ ਕੇਅਰ ਸੈਂਟਰ ਪਹਿਲਾਂ ਹੀ ਇਨ੍ਹਾਂ ਫੰਡਾਂ ਦੀ ਮਦਦ ਤੋਂ ਬਿਨਾਂ ਕੰਮ ਕਰ ਰਿਹਾ ਹੈ। ਇਸ ਸੈਂਟਰ ਵੱਲੋਂ ਮਾਪਿਆਂ ਨੂੰ ਇਹ ਇਤਲਾਹ ਕੀਤੀ ਜਾ ਚੁੱਕੀ ਹੈ ਕਿ ਉਨ੍ਹਾਂ ਨੂੰ ਫੁੱਲ ਟਾਈਮ ਇਨਫੈਂਟ ਕੇਅਰ ਵਾਸਤੇ ਹੁਣ 72 ਡਾਲਰ ਹਰ ਮਹੀਨੇ ਵਾਧੂ ਦੇਣੇ ਪਿਆ ਕਰਨਗੇ। ਓਨਟਾਰੀਓ ਕੋਲੀਜ਼ਨ ਫੌਰ ਬੈਟਰ ਚਾਈਲਡ ਕੇਅਰ ਦੀ ਕੈਰੋਲਿਨ ਫਰਨਜ਼ ਨੇ ਆਖਿਆ ਕਿ ਬਾਕੀ ਡੇਅ ਕੇਅਰ ਸੈਂਟਰ ਵੀ ਜਲਦ ਹੀ ਇਸ ਨਕਸ਼ੇ ਕਦਮ ਉੱਤੇ ਚੱਲਣਗੇ।

ਉਨ੍ਹਾਂ ਆਖਿਆ ਕਿ ਇਸ ਨਾਲ ਓਨਟਾਰੀਓ ਦੇ ਪਰਿਵਾਰਾਂ ਨੂੰ ਚਾਈਲਡ ਕੇਅਰ ਫੀਸ ਵਿੱਚ ਕੁੱਝ ਮਦਦ ਮਿਲਣ ਦੀ ਆਸ ਸੀ ਪਰ ਹੁਣ ਓਨਟਾਰੀਓ ਦੇ ਪਰਿਵਾਰਾਂ ਉੱਤੇ ਇਸ ਕਟੌਤੀ ਦਾ ਸਿੱਧਾ ਅਸਰ ਪਵੇਗਾ। ਮਾਪਿਆਂ ਨੂੰ ਬੱਚਿਆਂ ਦੀ ਸਾਂਭ ਸੰਭਾਲ ਲਈ ਹੁਣ ਪਹਿਲਾਂ ਨਾਲੋਂ ਹੋਰ ਵੱਧ ਫੀਸ ਅਦਾ ਕਰਨੀ ਹੋਵੇਗੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਓਨਟਾਰੀਓ ਦੇ ਪਰਿਵਾਰ ਪਹਿਲਾਂ ਹੀ ਦੇਸ਼ ਵਿੱਚ ਸੱਭ ਤੋਂ ਜ਼ਿਆਦਾ ਚਾਈਲਡ ਕੇਅਰ ਫੀਸ ਅਦਾ ਕਰ ਰਹੇ ਹਨ।

...ਬਾਕੀ ਪੰਨਾ 6 'ਤੇ

# ਇੰਸ਼ੋਰੈਂਸ ਦਰਾਂ ਵਿੱਚ ਵਾਧੇ ਖਿਲਾਫ ਓਟਾ ਨੇ ਟੋਰਾਂਟੋ ਦੇ ਹਾਈਵੇਅਜ਼ ਨੂੰ ਜਾਮ ਕਰਕੇ ਕੀਤਾ ਮੁਜ਼ਾਹਰਾ



ਟੋਰਾਂਟੋ, 1 ਮਈ (ਪੋਸਟ ਬਿਊਰੋ) : ਇੰਸ਼ੋਰੈਂਸ ਦੀਆਂ ਕੀਮਤਾਂ ਵਿੱਚ ਕੀਤੇ ਗਏ ਵਾਧੇ ਦੇ ਖਿਲਾਫ ਰੋਸ ਜ਼ਾਹਿਰ ਕਰਨ ਲਈ ਖੁਦ ਨੂੰ ਓਨਟਾਰੀਓ ਐਗ੍ਰੀਗੇਟ ਟਰੱਕਿੰਗ ਐਸੋਸਿਏਸ਼ਨ (ਓਟਾ) ਦੱਸਣ ਵਾਲੇ ਗਰੁੱਪ ਵੱਲੋਂ ਟੋਰਾਂਟੋ ਦੇ ਹਾਈਵੇਅਜ਼ ਉੱਤੇ ਬੁੱਧਵਾਰ ਨੂੰ ਮੁਜ਼ਾਹਰਾ ਕੀਤਾ ਗਿਆ।

ਦਰਜਨਾਂ ਦੀ ਗਿਣਤੀ ਵਿੱਚ ਕਾਫਲੇ ਦੇ ਰੂਪ ਵਿੱਚ ਆਪਣੇ ਡੰਪ ਟਰੱਕ ਲੈ ਕੇ ਇੱਥੇ ਪਹੁੰਚੇ ਇਨ੍ਹਾਂ ਮੁਜ਼ਾਹਰਾਕਾਰੀਆਂ ਨੇ ਗਾਰਡਿਨਰ ਐਕਸਪ੍ਰੈੱਸਵੇਅ, ਡੌਨ ਵੈਲੀ ਪਾਰਕਵੇਅ, ਹਾਈਵੇਅ 427 ਉੱਤੇ ਟਰੈਫਿਕ ਜਾਮ ਕਰ ਦਿੱਤਾ। ਓਟਾ ਦੇ ਪ੍ਰੈਜ਼ੀਡੈਂਟ ਤੇ ਬਾਨੀ ਜਗਰੂਪ ਸਿੰਘ ਬਾਂਗਲੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਗਲੇ ਹਫਤੇ ਪ੍ਰੋਵਿੰਸ਼ੀਅਲ ਵਿਧਾਨਸਭਾ ਅੱਗੇ ਇੱਕਠੇ ਹੋਣ ਲਈ ਉਨ੍ਹਾਂ ਵੱਲੋਂ ਪਰਮਿਟ ਲੈਣ ਲਈ ਵੀ ਅਪਲਾਈ ਕੀਤਾ ਗਿਆ ਹੈ। ...ਬਾਕੀ ਪੰਨਾ 6 'ਤੇ

ਤੀਆਂ ਦਾ ਮੇਲਾ ਐਂਤਵਾਰ, 12 ਮਈ, 2019 ਨੂੰ, ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: ਸੁਖੀ ਨਿੱਝਰ (905) 799-0999


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE • CRITICAL ILLNESS INS • MORTGAGE INSURANCE • TRAVEL & VISITOR INS • DISABILITY INSURANCE • RESP & TFSA & RRSP • FUNERAL INSURANCE
SIMRAN SAINI 416.994.7272 www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent
100% Success rate for bed bug Treatment Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Prabhjot Kaur Sr. Accountant, M.B.A
Email: info@hsbatax.com
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99%
The Mortgage Centre
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

ਨਵਾਂ ਘਾਹ ਲਵਾਓ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755


Farecracker.com
Specially Negotiated Fares
30% DISCOUNT
FLY CHEAPER!!!
AIR CANADA
ਦੀਆਂ ਸਸਤੀਆਂ ਟਿਕਟਾਂ
-Non-stop flights to New Delhi
-Round trips
AIR CANADA
Special Family Airfares Call us Anytime!
Please call us up and get a no obligatory Airfare Quote on our Business
What's App no.
(732) 716-3555
or Call us on
(516) 207 1427
Local Canadian no.
(647) 794-1775
or Email us at
farecracker@gmail.com
•India •Nepal •Srilanka
•Bangladesh •Pakistan
•Dubai •Abu Dhabi
•Riyadh •Europe •Bangkok
•Singapore •Kuala Lumpur
•Bali •Australia
ਚੰਡੀਗੜ੍ਹ/ਅੰਮ੍ਰਿਤਸਰ/ਦਿੱਲੀ ਟਿਕਟਾਂ ਤੇ ਭਾਰੀ ਛੋਟ ਲਈ Online ਚੈੱਕ ਕਰੋ:
Farecracker.com
SPECIAL DEAL
•Air Canada Non-Stop Flights from Toronto to Delhi starting at $1023
•ਏਅਰ ਕੈਨੇਡਾ ਦੀ ਨਾਨ-ਸਟਾਪ ਟਰਾਂਟੋ ਤੋ ਅੰਮ੍ਰਿਤਸਰ ਟਿਕਟਾਂ $1023 ਤੋਂ ਸ਼ੁਰੂ
HARMANDIR SAHIB
Lufthansa
AIR CANADA
QATAR AIRWAYS القطرية
American Airlines
SWISS
Alitalia
asta American Society of Travel Advisors

## ਅੱਜ ਨਾਮਾ

ਉਲਝ ਗਈ ਜਾਤੀ ਸਦੀਕ ਦੀ ਫੇਰ ਜਾਪੇ,
ਹੋਇਆ ਫੇਰ ਕੋਈ ਕੇਸ ਹੈ ਦਰਜ ਮੀਆਂ।
ਜਿਹੜਾ ਕੇਸ ਅਦਾਲਤੇ ਨਿਪਟ ਗਿਆ ਸੀ,
ਫਿਰ ਤੋਂ ਖੁੱਲ੍ਹਣਾ ਬਾਤ ਅਸਚਰਜ ਮੀਆਂ।
ਜਿਨ੍ਹਾਂ ਕੀਤਾ ਈ ਕੇਸ ਉਹ ਸਾਫ ਕਹਿੰਦੇ,
ਅਸੀਂ ਤੇ ਸੋਚਿਆ ਬੱਸ ਹੈ ਫਰਜ਼ ਮੀਆਂ।
ਕਹਿੰਦੇ ਦੂਸਰੇ, ਹੁੰਦੀ ਪੜਤਾਲ ਫਿਰ ਤੋਂ,
ਏਹਦੇ ਵਿੱਚ ਵੀ ਕੋਈ ਨਾ ਹਰਜ ਮੀਆਂ।
ਜਦ ਵੀ ਲੜੂ ਕੋਈ ਚੋਣ ਸਦੀਕ ਕਿਧਰੇ,
ਫਿਰ ਤਾਂ ਪੇਚਾ ਇਹ ਪੈਂਦੜਾ ਰਹੂਗਾ ਈ।
ਜਦ ਤੱਕ ਕਰਨੀ ਸਦੀਕ ਆ ਰਾਜਨੀਤੀ,
ਪੈਂਖੜ ਕਦੇ ਵੀ ਗਲੋਂ ਨਹੀਂ ਲਹੂਗਾ ਈ।

ਤੀਸ ਮਾਰ ਖਾਂ

# ਵਿਸਾਖੀ ਦੇ ਜਸ਼ਨਾਂ ਮੌਕੇ ਕੈਨੇਡੀਅਨ ਫੌਜ ਵੱਲੋਂ ਹਥਿਆਰਾਂ ਦੀ ਕੀਤੀ ਜਾਣ ਵਾਲੀ ਨੁਮਾਇਸ਼ ਉੱਤੇ ਪ੍ਰਗਟਾਏ ਇਤਰਾਜ਼ ਤੋਂ ਸਿੱਖ ਭਾਈਚਾਰਾ ਨਿਰਾਸ਼

ਟੋਰਾਂਟੋ, 1 ਮਈ (ਪੋਸਟ ਬਿਊਰੋ) : 28 ਅਪਰੈਲ, 2019 ਦਿਨ ਐਤਵਾਰ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਸਿੱਖ ਕਮਿਊਨਿਟੀ ਵੱਲੋਂ 41ਵੀਂ ਸਾਲਾਨਾ ਖਾਲਸਾ ਡੇਅ ਪਰੇਡ ਕੱਢੀ ਗਈ। ਵਿਸਾਖੀ ਦੇ ਇਨ੍ਹਾਂ ਜਸ਼ਨਾਂ ਵਿੱਚ ਗ੍ਰੇਟਰ ਟੋਰਾਂਟੋ ਏਰੀਆ ਤੋਂ 100,000 ਤੋਂ ਵੀ ਵੱਧ ਲੋਕਾਂ ਨੇ ਹਿੱਸਾ ਲਿਆ। ਇਹ ਟੋਰਾਂਟੋ ਦੀ ਤੀਜੀ ਸੱਭ ਤੋਂ ਵੱਡੀ ਪਰੇਡ ਹੋ ਨਿੱਬੜੀ।

ਇਸ ਦੌਰਾਨ ਲੋਕਲ, ਪ੍ਰੋਵਿੰਸ਼ੀਅਲ ਤੇ ਫੈਡਰਲ ਵਰਦੀਧਾਰੀ ਸੰਸਥਾਵਾਂ, ਜਿਨ੍ਹਾਂ ਵਿੱਚ ਟੋਰਾਂਟੋ ਪੁਲਿਸ ਸਰਵਿਸ, ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਤੇ ਕੈਨੇਡੀਅਨ ਆਰਮਡ ਫੋਰਸਿਜ਼ (ਸੀਏਐਫ) ਸ਼ਾਮਲ ਹਨ, ਨੂੰ ਹਿੱਸਾ ਲੈਣ ਦਾ ਸੱਦਾ ਦਿੱਤਾ ਗਿਆ। ਇਸ ਦੌਰਾਨ ਸਿੱਖ ਮੈਂਬਰਜ਼ ਵੱਲੋਂ ਪਾਏ ਯੋਗਦਾਨ ਦੇ ਜਸ਼ਨ ਮਨਾਉਣ ਦਾ ਵੀ ਮੌਕਾ ਮਿਲਿਆ। ਇਸ ਮੌਕੇ ਇੱਕਠੀਆਂ ਹੋਈਆਂ ਡੋਨੇਸ਼ਨਜ਼ ਨੂੰ ਕੈਨੇਡੀਅਨ ਚੈਰੇਟੀਜ਼ ਨੂੰ ਡੋਨੇਟ ਕਰ ਦਿੱਤਾ ਗਿਆ।

ਸੰਨ 1699 ਵਿੱਚ ਵਿਸਾਖੀ ਦੇ ਦਿਹਾੜੇ ਉੱਤੇ ਹੀ ਖਾਲਸਾ ਪੰਥ ਦੀ ਨੀਂਹ ਧਰੀ ਗਈ ਸੀ। ਉਦੋਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਰਵਾਇਤ ਸ਼ੁਰੂ ਕੀਤੀ ਗਈ। ਸਿੱਖਾਂ ਨੂੰ ਮਨੁੱਖਤਾ ਦੀ ਸੇਵਾ ਕਰਨ, ਨਾਮ ਜਪਣ ਤੇ ਸਿੱਖ ਕਮਿਊਨਿਟੀ ਦੇ ਨਾਲ ਨਾਲ ਦਬੇ ਕੁਚਲੇ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਦੀ ਸੇਧ ਦਿੱਤੀ ਗਈ।



ਵਿਸਾਖੀ ਸਾਡੇ ਮਾਰਸ਼ਲ ਤੇ ਯੋਧਿਆਂ ਦੇ ਇਤਿਹਾਸ ਤੇ ਸੱਭਿਆਚਾਰ ਦੇ ਜਸ਼ਨ ਮਨਾਉਣ ਦਾ ਦਿਨ ਹੈ। ਸਾਡੀ ਰਵਾਇਤੀ ਮਾਰਸ਼ਲ ਆਰਟਸ ਨੂੰ ਗਤਕੇ ਦੇ ਰੂਪ ਵਿੱਚ ਸਪਸ਼ਟ ਵੇਖਿਆ ਜਾ ਸਕਦਾ ਹੈ।

ਇਸ ਪਰੇਡ ਦੌਰਾਨ ਪੰਜ ਪਿਆਰਿਆਂ ਨੇ ਆਪਣੀਆਂ ਕਿਰਪਾਣਾਂ ਹੱਥ ਵਿੱਚ ਫੜ੍ਹ ਕੇ ਸਾਰਿਆਂ ਦੀ ਅਗਵਾਈ ਕੀਤੀ।ਸਿੱਖ ਸੈਨਿਕਾਂ ਵੱਲੋਂ ਬੜੇ ਮਾਨ ਸਨਮਾਨ ਤੇ ਬਹਾਦੁਰੀ ਨਾਲ ਬ੍ਰਿਟਿਸ਼ ਕਾਮਨਵੈਲਥ ਤਹਿਤ, 1800ਵਿਆਂ ਦੇ ਅਖੀਰ ਵਿੱਚ ਬ੍ਰਿਟਿਸ਼ ਭਾਰਤ ਤੇ ਡੌਮੀਨੀਅਨ ਆਫ ਕੈਨੇਡਾ ਦੀ ਸੇਵਾ ਕੀਤੀ ਗਈ। ਪਹਿਲੀ ਤੇ ਦੂਜੀ ਵਿਸ਼ਵ ਜੰਗ ਦੌਰਾਨ ਬ੍ਰਿਟਿਸ਼ ਕਾਮਨਵੈਲਥ ਦੀ ਰਾਖੀ ਕਰਦਿਆਂ ਹਜ਼ਾਰਾਂ ਸਿੱਖ ਸੈਨਿਕਾਂ ਨੇ ਆਪਣੀਆਂ ਜਾਨਾਂ ਗਵਾਈਆਂ।

ਪਿੱਛੇ ਜਿਹੇ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੈਂਬਰਜ਼ ਦੀ ਅਜਿਹੇ ਕਮਿਊਨਿਟੀ ਜਸ਼ਨਾਂ ਦੌਰਾਨ ਮੌਜੂਦਗੀ ਉੱਤੇ ਮੀਡੀਆ ਵੱਲੋਂ ਪ੍ਰਗਟਾਇਆ ਗਿਆ ਇਤਰਾਜ਼ ਚਿੰਤਾ ਦਾ ਵਿਸ਼ਾ ਹੈ। ਕੈਨੇਡੀਅਨ ਆਰਮਡ ਫੋਰਸਿਜ਼ ਵੱਲੋਂ ਪਿਛਲੇ 10 ਸਾਲਾਂ ਤੋਂ ਸਾਡੀ ਪਰੇਡ ਵਿੱਚ ਰਸਮੀ ਤੌਰ ਉੱਤੇ ਹਿੱਸਾ ਲੈਣ ਦਾ ਸੱਦਾ ਸਵੀਕਾਰਿਆ ਜਾਂਦਾ ਰਿਹਾ ਹੈ। ਉਨ੍ਹਾਂ ਦੀ ਮੌਜੂਦਗੀ, ਹਥਿਆਰਾਂ ਤੇ ਗੱਡੀਆਂ ਦੇ ਪ੍ਰਦਰਸ਼ਨ ਨੂੰ ਅਸੀਂ ਸਾਰੇ ਮਾਣਦੇ ਹਾਂ। ਗਸ਼ਤ ਵਰਗਾ ਉਨ੍ਹਾਂ ਦਾ ਮੁਜ਼ਾਹਰਾ ਵਿਸਾਖੀ ਦੇ ਇਨ੍ਹਾਂ ਜਸ਼ਨਾਂ ਦੇ ਨਾਲ ਪੂਰਾ ਢੁਕਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ 2015 ਦੀਆਂ ਐਨਐਚਐਲ ਹਾਕੀ ਖੇਡਾਂ ਦੌਰਾਨ ਸਕੋਸ਼ੀਆ ਬੈਂਕ ਅਰੇਨਾ ਵਿੱਚ ਪੂਰੀ ਤਰ੍ਹਾਂ ਹਥਿਆਰਬੰਦ ਸਪੈਸ਼ਲ ਫੋਰਸਿਜ਼ ਦੇ ਕਰਮਚਾਰੀਆਂ ਵੱਲੋਂ ਨਕਲੀ ਹਮਲੇ ਦਾ ਮੁਜ਼ਾਹਰਾ ਕੀਤਾ ਗਿਆ ਸੀ ਤੇ ਫੌਜ ਆਮ ਤੌਰ ਉੱਤੇ ਵੀ ਸੀਐਨਈ ਫੇਅਰ ਡਿਸਪਲੇਅ ਵਿੱਚ ਆਪਣੇ ਗੋਲੀ ਸਿੱਕੇ ਦੀ ਨੁਮਾਇਸ਼ ਕਰਦੀ ਰਹਿੰਦੀ ਹੈ। ਸਾਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਕਿ ਕਮਿਊਨਿਟੀ ਦੇ ਇਨ੍ਹਾਂ ਖਾਸ ਜਸ਼ਨਾਂ ਦੌਰਾਨ ਰਵਾਇਤੀ ਜੰਗਜੂ ਕਲਾ ਦੇ ਮੁਜ਼ਾਹਰੇ ਕਾਰਨ ਜਾਣਬੁੱਝ ਕੇ ਮੀਡੀਆ ਵੱਲੋਂ ਉਛਾਲਿਆ ਗਿਆ। ਸਿੱਖਾਂ ਨੂੰ ਕੈਨੇਡੀਅਨ ਹੋਣ ਉੱਤੇ ਮਾਣ ਹੈ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਜਸ਼ਨ ਮਨਾਉਂਦੇ ਰਹਿਣਾ ਚਾਹੀਦਾ ਹੈ।

# ਡੇਰਾ ਸਿਰਸਾ ਦੇ ਮੁਖੀ ਦੀ ਜ਼ਮਾਨਤ ਅਰਜ਼ੀ ਰੱਦ,ਪਰ ਮੂੰਹ ਬੋਲੀ ਧੀ ਦੀ ਤਰੀਕ ਅੱਗੇ ਪਈ

ਚੰਡੀਗੜ੍ਹ, 1 ਮਈ, (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਅੱਜ ਬੁੱਧਵਾਰ ਨੂੰ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਤੇ ਉਸ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਦੋਵਾਂ ਦੀ ਜ਼ਮਾਨਤ ਅਰਜ਼ੀ ਨਹੀਂ ਮੰਨੀ।

ਅਦਾਲਤ ਵਿੱਚੋਂ ਡੇਰਾ ਮੁਖੀ ਦੀ ਜ਼ਮਾਨਤ ਅਰਜ਼ੀ ਰੱਦ ਹੋਣ ਦਾ ਫ਼ੈਸਲਾ ਸਵੇਰੇ ਆ ਗਿਆ ਸੀ, ਪਰ ਹਨੀਪ੍ਰੀਤ ਦੀ ਜ਼ਮਾਨਤ ਅਰਜ਼ੀ ਦਾ ਫ਼ੈਸਲਾ ਦੁਪਹਿਰ ਤੋਂ ਬਾਅਦ ਆਇਆ ਤੇ ਉਸ ਨੂੰ ਸੁਣਵਾਈ ਲਈ ਅਗਲੀ ਤਰੀਕ 9 ਮਈ ਦਿੱਤੀ ਗਈ ਹੈ। ਅਸਲ ਵਿੱਚ ਕਿ ਰਾਮ ਰਹੀਮ ਸਿੰਘ ਨੇ ਆਪਣੀ ਇਕ ਮੂੰਹ-ਬੋਲੀ ਧੀ ਦੇ ਵਿਆਹ ਵਿਚ ਸ਼ਾਮਲ ਹੋਣਅਤੇ ਉਸ ਦਾ 'ਕੰਨਿਆ ਦਾਨ' ਕਰਨ ਲਈ ਜ਼ਮਾਨਤ ਅਰਜ਼ੀ ਦਿੱਤੀ ਸੀ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਉਸ ਡੇਰੇ ਵਿੱਚ ਦੋ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ। ਉਸ ਨੇ ਹਾਈ ਕੋਰਟ ਵਿਚ ਅੰਤ੍ਰਿਮ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ ਕਿ ਡੇਰੇ ਵਿਚ ਉਸ ਦੀ ਇਕ ਮੂੰਹ-ਬੋਲੀ ਧੀ ਦਾ ਵਿਆਹ ਹੈ ਅਤੇ ਉਹ ਇਸ ਵਿਆਹ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ, ਇਸ ਲਈ ਉਸ ਨੂੰ ਜ਼ਮਾਨਤ ਦਿੱਤੀ ਜਾਵੇ। ਇਸ ਉੱਤੇ ਹਾਈ ਕੋਰਟ ਵਿਚ ਬੁੱਧਵਾਰ ਨੂੰ ਸੁਣਵਾਈ ਹੋਈ। ਐਡਵੋਕੇਟ ਮਹਿੰਦਰ ਜੋਸ਼ੀ ਨੇ ਕਿਹਾ ਕਿ ਡੇਰੇ ਵਿਚ ਹਾਰ ਪਹਿਨਾ ਕੇ ਵਿਆਹ ਹੁੰਦੇ ਹਨ ਅਤੇ ਇਸ ਤਰ੍ਹਾਂ ਦੀ ਪ੍ਰੰਪਰਾ ਦੇ ਲਈ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਇਸ ਵਿਆਹ ਵਿਚ ਖੁਦ ਜਾਣ ਤੇ ਸ਼ਾਮਲ ਹੋਣ ਦੀ ਕੋਈ ਖ਼ਾਸ ਜ਼ਰੂਰਤ ਨਹੀਂ ਹੈ। ਇਸ ਦੇ ਬਾਅਦ ਅਰਜ਼ੀ ਰੱਦ ਹੋ ਗਈ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਪਾਦਰੀ ਕਾਂਡ:

# ਕਰੋੜਾਂ ਰੁਪਏ ਗ਼ਾਇਬ ਕਰਨ ਵਾਲੇ ਦੋ ਥਾਣੇਦਾਰ ਕੇਰਲਾ ਤੋਂ ਫੜੇ ਜਾਣ ਨਾਲ ਹਲਚਲ

* ਖੰਨਾ ਦੇ ਐੱਸ ਐੱਸ ਪੀ ਦਾ ਤਬਾਦਲਾ ਕਰ ਦਿੱਤਾ ਗਿਆ

ਜਲੰਧਰ, 1 ਮਈ, (ਪੋਸਟ ਬਿਊਰੋ)- ਫਾਦਰ ਐਂਥਨੀ ਤੋਂ ਜਲੰਧਰ ਵਿੱਚ ਫੜੀ ਰਕਮ ਨੂੰ ਖੰਨੇ ਦੇ ਨਾਕੇ ਤੋਂ ਫੜੀ ਦੱਸਣ ਅਤੇ ਛੇ ਕਰੋੜ ਰੁਪਏ ਗਾਇਬ ਕਰ ਦੇਣ ਦੇ ਕੇਸ ਦੀ ਜਾਂਚ ਦੌਰਾਨ ਭਗੌੜੇ ਹੋਏ ਦੋ ਥਾਣੇਦਾਰਾਂ ਜੋਗਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਦੇ ਕੇਰਲ ਰਾਜ ਦੇ ਕੋਚੀ ਸ਼ਹਿਰ ਵਿੱਚ ਫੜੇ ਜਾਣ ਦੀ ਖਬਰ ਹੈ। ਪਤਾ ਲੱਗਾ ਹੈ ਕਿ ਦੋਵੇਂ ਸਮੁੰਦਰੀ ਰਸਤੇ ਦੇਸ਼ ਛੱਡਣ ਦੀ ਤਿਆਰੀ ਵਿਚ ਸਨ। ਇਸ ਖਬਰ ਨਾਲ ਪੰਜਾਬ ਪੁਲਸ ਵਿੱਚ ਹਲਚਲ ਮੱਚ ਗਈ ਹੈ।

ਇਸ ਤੋਂ ਪਹਿਲਾਂ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦੀ ਪੁੱਛਗਿੱਛ ਤੋਂ ਬਾਅਦਸ਼ੱਕ ਸੀ ਕਿ ਦੋਵੇਂ ਥਾਣੇਦਾਰ ਵਿਦੇਸ਼ ਦੌੜ ਸਕਦੇ ਹਨ, ਇਸ ਲਈ ਸਾਰੇ ਹਵਾਈ ਅੱਡਿਆਂ ਉੱਤੇਉਨ੍ਹਾਂ ਦਾ ਲੁਕ ਆਊਟ ਸਰਕੂਲਰ (ਐੱਲ ਓਸੀ) ਜਾਰੀ ਕਰ ਦਿੱਤਾ ਗਿਆ ਸੀਤੇ ਏਸੇ ਕਾਰਨ ਉਨ੍ਹਾਂ ਨੇ ਫ਼ਰਾਰ ਹੋਣ ਲਈ ਸਮੁੰਦਰੀ ਰਸਤਾ ਵਰਤਣ ਦੀ ਕੋਸ਼ਿਸ਼ ਕੀਤੀ ਸੀ, ਪਰ ਕੇਰਲਾ ਵਿੱਚ ਫੜੇ ਜਾਣ ਦੇ ਨਾਲ ਹੀ ਪੰਜਾਬ ਪੁਲਸ ਵਿੱਚ ਹਲਚਲ ਮੱਚ ਗਈ ਹੈ।

ਕੇਰਲ ਦੇ ਕੋਚੀ ਵਿੱਚ ਜਿੱਥੇ ਦੋਵੇਂ ਥਾਣੇਦਾਰ ਠਹਿਰੇ ਹੋਏ ਸਨ, ਉਥੋਂ ਸ੍ਰੀਲੰਕਾ ਕਾਫੀ ਨੇੜੇ ਹੈ। ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਕੋਚੀ ਬੰਦਰਗਾਹ ਤੋਂ ਸਮੁੰਦਰੀ ਰਸਤੇ ਉਨ੍ਹਾਂ ਦੀ ਸ੍ਰੀਲੰਕਾ ਭੱਜਣ ਦੀ ਯੋਜਨਾ ਹੋਵੇਗੀ, ਪਰ ਇਸ ਵਕਤ ਓਥੇ ਹੋਏ ਬੰਬ ਧਮਾਕਿਆਂ ਕਾਰਨ ਸ੍ਰੀਲੰਕਾ ਵਿਚ ਅੱਤਵਾਦੀ ਹਮਲੇ ਦੇ ਡਰ ਕਰ ਕੇ ਕਾਫੀ ਸਖਤੀ ਹੈ ਅਤੇ ਓਥੇ ਆਉਣ-ਜਾਣ ਵਾਲਿਆਂ ਬਾਰੇ ਕਾਫੀ ਸਖਤੀ ਵਰਤੀ ਜਾ ਰਹੀ ਹੈ।

ਇਸ ਦੌਰਾਨ ਜਲੰਧਰ ਦੇ ਫਾਦਰ ਐਂਥਨੀ ਤੋਂ ਫੜੀ ਰਕਮ ਵਿੱਚੋਂ 6.65 ਕਰੋੜ ਰੁਪਏ ਗਾਇਬ ਹੋਣ ਦੇ ਕੇਸ ਵਿੱਚ ਪੰਜਾਬ ਸਰਕਾਰ ਨੇ ਐੱਸ ਐੱਸ ਪੀ ਖੰਨਾ ਧਰੁਵ ਦਹੀਆ ਦਾ ਤਬਾਦਲਾ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਬੀਤੀ 29 ਮਾਰਚ ਨੂੰ ਖੰਨਾ ਪੁਲਿਸ ਨੇ ਪਾਦਰੀ ਐਂਥਨੀ ਸਮੇਤ ਛੇ ਜਣਿਆਂਤੋਂ ਸਾਢੇ ਨੌਂ ਕਰੋੜ ਰੁਪਏ ਦੀ ਰਕਮ ਖੰਨਾਤੋਂ ਤਿੰਨ ਕਾਰਾਂ ਵਿੱਚ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਦੂਜੇ ਦਿਨ ਪਾਦਰੀ ਨੇ ਬੈਂਕ ਵੱਲੋਂ ਪੈਸੇ ਪ੍ਰਾਪਤ ਕਰਨ ਦੀ ਚਿੱਠੀ ਪੇਸ਼ ਕਰ ਕੇ ਦਾਅਵਾ ਕੀਤਾ ਕਿ ਰਕਮ ਕਰੀਬ 16 ਕਰੋੜ ਸੀ ਤੇ ਸਾਰੀ ਜਲੰਧਰ ਨੇੜੇ ਉਨ੍ਹਾਂ ਦੇ ਘਰੋਂ ਫੜੀ ਗਈ ਸੀ, ਪਰ ਪੁਲਿਸ ਨੇ ਸਿਰਫ ਸਾਢੇ ਨੌਂ ਕਰੋੜ ਰੁਪਏ ਬਰਾਮਦਗੀ ਦਿਖਾਈ ਤੇ ਬਾਕੀ ਸਾਢੇ 6 ਕਰੋੜ ਰੁਪਏ ਗਾਇਬ ਕਰ ਦਿੱਤੇ ਹਨ। ਇਨ੍ਹਾਂ ਗੰਭੀਰ ਦੋਸ਼ਾਂ ਤੋਂ ਬਾਅਦ ਪੰਜਾਬ ਪੁਲਸ ਦੇ ਮੁਖੀਵੱਲੋਂਬਣਾਈ ਐੱਸ ਆਈ ਟੀ ਵੱਲੋਂ ਮੁੱਢਲੀ ਜਾਂਚਤੋਂ ਪਤਾ ਲੱਗਾ ਕਿ ਦੋ ਥਾਣੇਦਾਰਾਂਜੋਗਿੰਦਰ ਸਿੰਘ ਤੇ ਰਾਜਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੇ ਗੜਬੜ ਕੀਤੀ ਸੀ।

ਕੇਰਲਾ ਵਿੱਚ ਦੋਵਾਂ ਥਾਣੇਦਾਰਾਂ ਦੀ ਗ੍ਰਿਫਤਾਰੀ ਤੋਂ ਖੰਨਾ ਪੁਲਿਸ ਦੀ ਨੀਂਦ ਉਡ ਗਈ ਹੈ ਕਿ ਦੋਵੇਂਪਤਾ ਨਹੀਂ ਕਿਸ ਦਾ ਨਾਂ ਲੈਣਗੇ। ਖਾਸ ਕਰ ਕੇ ਛਾਪਾਮਾਰ ਟੀਮ ਤੇ ਫਿਰ ਨਕਦੀ ਨੂੰ ਨਾਕੇ ਉੱਤੇਫੜਨ ਦਾ ਦਾਅਵਾ ਕਰਨ ਵਾਲੇ ਅਫਸਰਾਂ ਵਿਚ ਵੱਧਘਬਰਾਹਟ ਹੈ। ਇਸ ਵਿਚ ਖੰਨਾ ਪੁਲਿਸ ਦੇ ਡੀ ਐੱਸ ਪੀ ਦੇ ਨਾਲ ਕਾਊਂਟਰ ਇੰਟੈਲੀਜੈਂਸ ਅਤੇ ਵਿਜੀਲੈਂਸ ਦੇ ਇੱਕ ਡੀ ਐੱਸਪੀ ਦਾ ਨਾਂ ਵੀ ਆ ਰਿਹਾ ਹੈ, ਜਿਸ ਬਾਰੇ ਪੁੱਛਗਿੱਛ ਹੋ ਸਕਦੀ ਹੈ।

# ਕੈਨੇਡੀਅਨ ਕੈਨੋਲਾ ਕਿਸਾਨਾਂ ਲਈ ਮਦਦ ਦਾ ਐਲਾਨ ਕਰ ਸਕਦੀ ਹੈ ਸਰਕਾਰ



ਓਟਵਾ, 1 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਬੁੱਧਵਾਰ ਨੂੰ ਚੀਨ ਨਾਲ ਵਿਵਾਦ ਵਿੱਚ ਫਸੇ ਦੇਸ਼ ਦੇ ਕੈਨੋਲਾ ਕਿਸਾਨਾਂ ਦੀ ਮਦਦ ਕਰਨ ਦਾ ਐਲਾਨ ਕਰਨ ਜਾ ਰਹੀ ਹੈ। ਇਹ ਜਾਣਕਾਰੀ ਭਰੋਸੇਯੋਗ ਸੂਤਰਾਂ ਨੇ ਦਿੱਤੀ।

ਸੂਤਰਾਂ ਨੇ ਦੱਸਿਆ ਕਿ ਇਸ ਐਲਾਨ ਨਾਲ ਇਸ ਮੁੱਦੇ ਨਾਲ ਜੂਝ ਰਹੇ ਕਿਸਾਨ ਆਰਥਿਕ ਮਦਦ ਵੀ ਹਾਸਲ ਕਰ ਸਕਣਗੇ। ਜ਼ਿਕਰਯੋਗ ਹੈ ਕਿ ਮਾਰਚ ਵਿੱਚ ਚੀਨੀ ਸਰਕਾਰ ਨੇ ਕੈਨੇਡਾ ਵੱਲੋਂ ਆਉਣ ਵਾਲੀ ਕੈਨੋਲਾ ਦੀ ਖੇਪ ਰੋਕ ਦਿੱਤੀ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਚੀਨ ਵੱਲੋਂ ਇਹ ਸੱਭ ਦਸੰਬਰ ਵਿੱਚ ਹੁਆਵੇਈ ਦੀ ਸੀਨੀਅਰ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਕੈਨੇਡਾ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਬਦਲਾਲਊ ਕਾਰਵਾਈ ਤਹਿਤ ਕੀਤਾ ਗਿਆ।

ਚੀਨੀ ਸਰਕਾਰ ਦਾ ਕਹਿਣਾ ਹੈ ਕਿ ਇਹ ਖੇਪ ਕੁਆਲਿਟੀ ਪੱਖੋਂ ਮਿਆਰੀ ਨਹੀਂ ਹੈ। ਪਰ ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ ਵੱਲੋਂ ਦੂਹਰੀ ਵਾਰੀ ਇਨ੍ਹਾਂ ਖੇਪ ਦੀ ਜਾਂਚ ਕੀਤੀ ਜਾ ਚੁੱਕੀ ਹੈ ਤੇ ਉਨ੍ਹਾਂ ਨੂੰ ਇਸ ਵਿੱਚ ਕੋਈ ਨੁਕਸ ਨਹੀਂ ਮਿਲਿਆ। ਕੈਨੇਡਾ ਦੀ ਕੈਨੋਲਾ ਇੰਡਸਟਰੀ ਦੇ ਸਿਰਫ 40 ਫੀ ਸਦੀ ਚੀਨੀ ਖਰੀਦਦਾਰ ਹਨ। ਇਸ ਘਾਟੇ ਨੂੰ ਪੂਰਾ ਕਰਨ ਲਈ ਕੈਨੇਡਾ ਹੋਰਨਾਂ ਏਸ਼ੀਆਈ ਗਾਹਕਾਂ ਦੀ ਭਾਲ ਕਰ ਰਿਹਾ ਹੈ। ਇਸ ਦੇ ਨਾਲ ਹੀ ਆਪਣੀਆਂ ਸ਼ਿਕਾਇਤਾਂ ਨੂੰ ਸਹੀ ਸਿੱਧ ਕਰਨ ਲਈ ਵੀ ਕੈਨੇਡੀਅਨ ਵਫਦ ਵੱਲੋਂ ਚੀਨ ਉੱਤੇ ਦਬਾਅ ਪਾਇਆ ਜਾ ਰਿਹਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➡ Automatic & Manual Trucks
○ 1:1 Training
➡ Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

PROPERTIES FOR SALE



5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms



47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.



Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

LIVER CIRRHOSIS, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਸ਼ਰਾਬ ਛਡੱਣ ਤੇ ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
Heart Problems, Arteries blockage, ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ। ਜੇਕਰ ਤੁਸੀਂ stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਕਿਡਨੀ ਦੀ ਪਥਰੀ ਤੇ ਪਿਤੇ ਦੀ ਪਥਰੀ 7 ਤੋਂ 15 ਦਿਨਾਂ ਵਿੱਚ ਖਤਮ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, 13 ਤੋਂ 19 ਸਾਲ ਦੇ ਬਚਿਆਂ ਦਾ ਸੁਭਆ ਵਿੱਚ ਤਬਦੀਲੀ ਤੇ ਪੜ੍ਹਾਈ ਵਿੱਚ ਮੰਨ ਨਾ ਲਗਣਾ ਤੇ ਮਾਂ-ਬਾਪ ਨਾਲ ਚੰਗੀ ਤਰ੍ਹਾਂ ਗੱਲ ਨਾ ਕਰਣਾ ਤੇ ਖਾਣਾ ਪੀਣਾ ਬੰਦ ਕਰ ਦੇਣ ਦੇ ਪੱਕੇ ਇਲਾਜ ਲਈ ਸੰਪਰਕ ਕਰੋ।
ਲੇਡੀਜ਼ ਨੂੰ ਮਾਈਗਰੇਨ, ਸਿਰ ਦਰਦ ਤੇ ਜਿੱਦੀ ਛਾਈਆਂ ਵਰਗੀ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ ਤੇ ਆਪਣੇ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ, ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
100% Natural Cure | No Side Effect | ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਸੇਵਾ ਦੇ ਨਾਲ ਨਾਲ ਬਜ਼ੁਰਗਾਂ ਨੂੰ ਸਾਥ ਵੀ ਮੁਹੱਈਆ ਕਰਵਾਉਂਦੀ ਹੈ ਆਪਣਾ ਸੀਨੀਅਰ ਕੇਅਰ







ਦਰਸਾਈਆਂ ਤਸਵੀਰਾਂ ਵਿੱਚ ਉਹ ਬਜ਼ੁਰਗ ਨਜ਼ਰ ਆ ਰਹੇ ਹਨ ਜਿਹੜੇ ਆਪਣਾ ਸੀਨੀਅਰ ਕੇਅਰ ਦੇ ਨਾਲ ਮਹੀਨਾਵਾਰੀ ਗੁਰਦੁਆਰਾ ਟਰਿੱਪ ਉੱਤੇ ਗਏ। ਆਪਣਾ ਸੀਨੀਅਰ ਕੇਅਰ ਬਜ਼ੁਰਗਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਗੁਰਦੁਆਰੇ ਤੱਕ ਲਿਆਉਣ ਲਿਜਾਣ ਲਈ ਚਲਾਈ ਜਾਣ ਵਾਲੀ ਮੁਫਤ ਟਰਾਂਸਪੋਰਟੇਸ਼ਨ ਸੇਵਾ ਹੈ। ਇਸ ਦੇ ਨਾਲ ਹੀ ਆਪਣਾ ਸੀਨੀਅਰ ਕੇਅਰ ਵੱਲੋਂ ਬਜ਼ੁਰਗਾਂ ਨੂੰ ਸਾਥ ਵੀ ਮੁਹੱਈਆ ਕਰਵਾਇਆ ਜਾਂਦਾ ਹੈ। ਕਿਸੇ ਕਮਿਊਨਿਟੀ ਗਤੀਵਿਧੀ ਵਿੱਚ ਹਿੱਸਾ ਲੈਣ ਤੇ ਬਜ਼ੁਰਗਾਂ ਨਾਲ ਗੱਲਬਾਤ ਨੂੰ ਹੱਲਾਸ਼ੇਰੀ ਦੇਣ ਦਾ ਇਹ ਬਹੁਤ ਹੀ ਵਧੀਆ ਤਰੀਕਾ ਹੈ। ਆਪਣਾ ਸੀਨੀਅਰ ਕੇਅਰ ਪੀਲ ਰੀਜਨ ਤੇ ਆਲੇ ਦੁਆਲੇ ਦੇ ਬਜ਼ੁਰਗਾਂ ਨੂੰ ਮਿਆਰੀ ਸਾਂਭ ਸੰਭਾਲ ਮੁਹੱਈਆ ਕਰਵਾਉਣ ਵਾਲੀ ਏਜੰਸੀ ਹੈ। ਇਹ ਏਜੰਸੀ ਬਜ਼ੁਰਗਾਂ ਨੂੰ ਆਪਣੇ ਘਰਾਂ ਵਰਗੇ ਆਰਾਮ ਵਿੱਚ ਆਜ਼ਾਦੀ ਨਾਲ ਵਿਚਰਨ ਵਿੱਚ ਮਦਦ ਕਰਦੀ ਹੈ। ਇਸ ਏਜੰਸੀ ਕੋਲ ਯੋਗਤਾਪ੍ਰਾਪਤ ਕੇਅਰਗਿਵਰਜ਼ ਹਨ ਜਿਹੜੇ ਕਈ ਭਾਸ਼ਾਵਾਂ ਜਾਣਦੇ ਹਨ ਤੇ ਬਹੁਤ ਹੀ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਹਨ। ਇਹ ਅਜਿਹੇ ਪਰਿਵਾਰਾਂ ਨੂੰ ਘਰਾਂ ਵਿੱਚ ਸਹਾਇਤਾ ਮੁਹੱਈਆ ਕਰਵਾਉਂਦੇ ਹਨ ਜਿਨ੍ਹਾਂ ਨੂੰ ਵਾਧੂ ਮਦਦ ਦੀ ਲੋੜ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਸਾਈਟ www.apnaseniorcare.com ਉੱਤੇ ਜਾਇਆ ਜਾ ਸਕਦਾ ਹੈ ਜਾਂ (416)994-6111 ਜਾਂ (647) 302-0446 ਨੰਬਰਾਂ ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

ਦਿਨ ਵੇਲੇ ਕੀਤੇ ਗਏ ਇਸ ਟਰਿੱਪ ਦੌਰਾਨ ਹੱਦੋਂ ਵੱਧ ਮਦਦ ਕਰਨ ਤੇ ਸਹਿਯੋਗ ਦੇਣ ਲਈ ਆਪਣਾ ਸੀਨੀਅਰ ਕੇਅਰ ਧਰਮਪਾਲ (ਡੀਪੀ) ਸਿੰਘ ਦੀ ਦਿਲੋਂ ਧੰਨਵਾਦੀ ਹੈ। ਅਸੀਂ ਓਨਟਾਰੀਓ ਖਾਲਸਾ ਦਰਬਾਰ ਵਿਖੇ ਸੇਵਾ ਕਰਨ ਲਈ ਪੀਲ ਰੀਜਨਲ ਪੁਲਿਸ ਦੇ ਅਧਿਕਾਰੀਆਂ ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ।

# ਸਾਧਵੀ ਪ੍ਰਗਿਆ ਉੱਤੇ ਚੋਣ ਕਮਿਸ਼ਨ ਨੇ 72 ਘੰਟੇ ਦੀ ਚੋਣ ਪ੍ਰਚਾਰ ਦੀ ਪਾਬੰਦੀ ਲਾਈ



ਨਵੀਂ ਦਿੱਲੀ, 1 ਮਈ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਤੋਂ ਭਾਜਪਾ ਉਮੀਦਵਾਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਵੱਲੋਂ ਦਿੱਤੇ ਜਾਂਦੇ ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਦੇ ਕਾਰਨ ਚੋਣ ਕਮਿਸ਼ਨ ਨੇ ਉਸ ਦੇ ਚੋਣ ਪ੍ਰਚਾਰ ਉੱਤੇ 72 ਘੰਟੇ ਦੀ ਪਾਬੰਦੀ ਲਾ ਦਿੱਤੀ ਹੈ ਅਤੇ ਉਸ ਦੀ ਮੁਹਿੰਮ ਨੂੰ ਇਸ ਨਾਲ ਰੋਕ ਲੱਗੀ ਹੈ।

ਚੋਣ ਕਮਿਸ਼ਨ ਨੇ ਆਪਣੇ ਲਿਖਤੀ ਹੁਕਮ ਵਿੱਚ ਬਾਬਰੀ ਮਸਜਿਦ ਢਾਹੁਣ ਬਾਰੇ ਪ੍ਰਗਿਆ ਠਾਕੁਰ ਦੇ ਬਿਆਨ ਉੱਤੇ ਸਖ਼ਤ ਇਤਰਾਜ਼ ਕਰ ਕੇ ਉਨ੍ਹਾਂ ਨੂੰ ਭਵਿੱਖ ਵਿੱਚਅਜਿਹੇ ਬਿਆਨ ਦੇਣਤੋਂ ਬਚਣ ਦੀ ਨਸੀਹਤ ਦਿੱਤੀ ਹੈ। ਪ੍ਰਗਿਆ ਠਾਕੁਰ ਵੱਲੋਂ ਇੱਕ ਨਿੱਜੀ ਚੈਨਲ ਉੱਤੇ ਦਿੱਤੀ ਇੰਟਰਵਿਊ ਵਿੱਚ ਬਾਬਰੀ ਮਸਜਿਦ ਢਾਹੁਣ ਵਿੱਚ ਖੁਦ ਸ਼ਾਮਲ ਹੋਣ ਦੇ ਉਸ ਦੇ ਬਿਆਨਦਾ ਨੋਟਿਸ ਲੈਂਦਿਆਂ ਕਮਿਸ਼ਨ ਨੇ ਕਿਹਾ ਕਿ ਉਹ ਸਾਧਵੀਪ੍ਰਗਿਆ ਦੇ ਜਵਾਬ ਤੋਂ ਸੰਤੁਸ਼ਟ ਨਹੀਂ, ਉਸ ਦਾ ਇਹ ਬਿਆਨ ਭੜਕਾਊ ਤੇ ਧਾਰਮਿਕ ਆਧਾਰ ਉੱਤੇ ਨਫ਼ਰਤ ਫੈਲਾਉਣ ਵਾਲਾ ਸਮਝਿਆ ਗਿਆ ਹੈ। ਚੋਣ ਕਮਿਸ਼ਨ ਨੇ ਪ੍ਰਗਿਆ ਠਾਕੁਰ ਨੂੰ ਕਿਹਾ ਹੈ ਕਿ ਉਹ ਯਾਦ ਰੱਖੇ ਕਿ ਚੋਣਾਂ ਵਿੱਚ ਧਾਰਮਿਕ ਅਤੇ ਜਾਤੀ ਆਧਾਰ ਉੱਤੇ ਵੋਟ ਨਹੀਂਮੰਗੇ ਜਾ ਸਕਦੇ, ਉਨ੍ਹਾਂ ਦੇ ਇਨ੍ਹਾਂ ਬਿਆਨਾਂ ਨਾਲ ਸਿੱਧੇ ਤੌਰ ਉੱਤੇ ਚੋਣ ਜ਼ਾਬਤੇ ਦੀ ਉਲੰਘਣਾ ਹੁੰਦੀ ਹੈ।

ਇਸ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਅੱਤਵਾਦੀਆਂ ਨਾਲ ਲੜਾਈ ਵਿੱਚ ਮਾਰੇ ਜਾਣ ਵਾਲੇ ਅਫਸਰ ਹੇਮੰਤ ਕਰਕਰੇਬਾਰੇ ਸਾਧਵੀ ਵੱਲੋਂ ਚੋਣ ਪ੍ਰਚਾਰ ਦੌਰਾਨ ਦਿੱਤੇ ਗਏ ਬਿਆਨ ਉੱਤੇ ਵੀ ਨਾਰਾਜ਼ਗੀ ਪ੍ਰਗਟਾਈ ਸੀ।

ਤਿੱਖਾ ਬੋਲਣ ਦੀ ਆਦੀ ਬਣ ਚੁੱਕੀ ਭਾਜਪਾ ਉਮੀਦਵਾਰ ਸਾਧਵੀ ਪ੍ਰਗਿਆ ਠਾਕੁਰ ਨੇ ਅੱਜ ਭੋਪਾਲ ਵਿੱਚ ਕਾਂਗਰਸ ਦੇ ਕਬਜ਼ੇ ਵਾਲੇ ਮੱਧ ਭੋਪਾਲ ਵਿਧਾਨ ਸਭਾ ਹਲਕੇ ਵਿਚ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਉਮੀਦਵਾਰ ਦਿਗਵਿਜੇ ਸਿੰਘ ਨੂੰ ਅਪਰਾਧੀ ਕਹਿ ਕੇ ਮੁੱਖ ਮੰਤਰੀ ਕਮਲਨਾਥ ਉੱਤੇਵੀ ਨਿਸ਼ਾਨਾ ਲਾਇਆ ਹੈ। ਉਨ੍ਹਾਂ ਕਿਹਾ ਕਿ ਕਮਲਨਾਥ ਕਹਿੰਦੇ ਹਨ ਕਿ ਸਾਧਵੀ ਪ੍ਰਗਿਆ ਧਰਮ ਦੇ ਨਾਂਸਮਾਜ ਨੂੰ ਉੱਤੇ ਭੜਕਾ ਰਹੀ ਹੈ, ਗੜਬੜ ਫੈਲਾਉਣਾ ਚਾਹੁੰਦੀ ਹੈ, ਪਰ ਮੈਂ ਕਮਲਨਾਥ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਦਿਗਵਿਜੇ ਸਿੰਘ ਨੂੰ ਟਿਕਟ ਦੇਣ ਤੋਂ ਪਹਿਲਾਂ ਕੀ ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਉਨ੍ਹਾਂ ਨੇ ਕਿੰਨੀ ਗੜਬੜ ਫੈਲਾਈ ਹੈ? ਪ੍ਰਗਿਆ ਠਾਕੁਰ ਨੇ ਕਿਹਾ ਕਿ ਬਹੁਤਾ ਮੂੰਹ ਫੁਲਾ ਕੇ ਗੱਲ ਕਰਨਾ ਬੰਦ ਕਰ ਦਿਓ, ਕਮਲਨਾਥ ਜੀ, ਸਮਾਜ ਵਿੱਚ ਵੰਡ ਪੈਦਾ ਕਰਨ ਦਾ ਕੰਮ ਕਾਂਗਰਸ ਦਾ ਸਿਧਾਂਤ ਹੈ।

## ਮੋਦੀ ਖ਼ਿਲਾਫ਼ ਇਤਰਾਜ਼ ਯੋਗ ਟਿੱਪਣੀ ਉੱਤੇ ਨਵਜੋਤ ਸਿੰਘ ਸਿੱਧੂ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਇਤਰਾਜ਼ ਯੋਗ ਟਿੱਪਣੀ ਦੇ ਕਾਰਨ ਚੋਣ ਕਮਿਸ਼ਨ ਨੇ ਕਾਂਗਰਸ ਆਗੂ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਨੋਟਿਸ ਜਾਰੀ ਕੀਤਾ ਹੈ। ਅਸਲ ਵਿਚ ਗੁਜਰਾਤ ਦੇ ਇਕ ਭਾਜਪਾ ਵਰਕਰ ਦੀ ਸ਼ਿਕਾਇਤ ਦਾ ਹਵਾਲਾ ਦਿੰਦਿਆਂ ਚੋਣ ਕਮਿਸ਼ਨ ਨੇ ਸਿੱਧੂ ਦੇ ਭਾਸ਼ਣ ਦੇ ਕੁਝ ਅੰਸ਼ ਪੇਸ਼ ਕੀਤੇ ਹਨ। ਇਸ ਵਿੱਚ ਉਹ 17 ਅਪ੍ਰੈਲ ਦੀ ਅਹਿ-ਮਦਾਬਾਦ ਦੀ ਰੈਲੀ ਵਿੱਚ ਪ੍ਰਧਾਨ ਮੰਤਰੀ ਨੂੰ 'ਚੋਰ' ਕਹਿ ਰਹੇ ਹਨ। ਕਮਿਸ਼ਨ ਨੇ ਨਵਜੋਤ ਸਿੰਘ ਸਿੱਧੂ ਨੂੰ ਯਾਦ ਦਿਵ-ਾਇਆ ਕਿ ਚੋਣ ਪ੍ਰਚਾਰ ਦੌਰਾਨ ਨੇਤਾ ਇੱਕ-ਦੂਜੇ ਦੇ ਖ਼ਿਲਾਫ਼ ਨਿੱਜੀ ਟਿੱਪਣੀ ਨਹੀਂ ਕਰ ਸਕਦੇ। ਮੰਗਲਵਾਰ ਨੂੰ ਜਾਰੀ ਨੋਟਿਸ ਵਿੱਚ ਸਿੱਧੂ ਨੂੰ ਸਪੱਸ਼ਟੀਕਰਨ ਲਈ ਦੋ ਮਈ ਤਕ ਸਮਾਂ ਦਿੱਤਾ ਗਿਆ ਹੈ। ਚੋਣ ਕਮਿਸ਼ਨ ਨੇ ਪਿਛਲੇ ਮਹੀਨੇ ਸਿੱਧੂ ਨੂੰ ਵਿਵਾਦਤ ਬਿਆਨ ਦੇਣ ਤੇ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ ਵਿੱਚ ਉਨ੍ਹਾਂ ਦੇ ਚੋਣ ਪ੍ਰਚਾਰ ਉੱਤੇ 72 ਘੰਟਿਆਂ ਲਈ ਪਾਬੰਦੀ ਲਾ ਦਿੱਤੀ ਸੀ।

## ਪੰਜਾਬ ਵਿੱਚੋਂ ਲੋਕ ਸਭਾ ਚੋਣ ਲਈ 289 ਉਮੀਦਵਾਰ ਮੈਦਾਨ ਵਿੱਚ




ਚੰਡੀਗੜ੍ਹ, 1 ਮਈ, (ਪੋਸਟ ਬਿਊਰੋ)- ਪੰਜਾਬ ਤੋਂ ਪਾਰਲੀਮੈਂਟ ਦੇ 13 ਲੋਕ ਸਭਾ ਹਲਕਿਆਂ ਲਈ 19 ਮਈ ਨੂੰ ਹੋਣ ਜਾ ਰਹੀਆਂ ਚੋਣਾਂ ਲਈ ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਪਹਿਲੇ ਦਿਨ ਅੱਠ ਉਮੀਦਵਾਰਾਂ ਨੇ ਆਪਣੇ ਕਾਗ਼ਜ਼ ਵਾਪਸ ਲਏ ਹਨ, ਇਸ ਦੇ ਬਾਅਦ 289 ਉਮੀਦਵਾਰ ਚੋਣ ਮੈਦਾਨ ਵਿਚ ਬਾਕੀ ਰਹਿ ਗਏ ਹਨ।

ਅਧਿਕਾਰੀਆਂ ਨੇ ਦੱਸਿਆ ਕਿ ਬਠਿੰਡਾ ਅਤੇ ਅੰਮ੍ਰਿਤਸਰ ਦੋ ਹਲਕਿਆਂ ਵਿੱਚ ਸਭ ਤੋਂ ਵੱਧ 30-30 ਉਮੀਦਵਾਰ ਮੈਦਾਨ ਵਿਚ ਹਨ, ਹੁਸ਼ਿਆਰਪੁਰ ਵਿਚ ਸਭ ਤੋਂ ਘੱਟ ਅੱਠ ਜਣੇ ਚੋਣ ਲੜ ਰਹੇ ਹਨ। ਗੁਰਦਾਸਪੁਰ ਹਲਕੇ ਤੋਂ 15, ਖਡੂਰ ਸਾਹਿਬ ਤੇ ਜਲੰਧਰ ਤੋਂ 19-19, ਹੁਸ਼ਿਆਰਪੁਰ ਤੋਂ 8, ਅਨੰਦਪੁਰ ਸਾਹਿਬ ਅਤੇ ਸੰਗਰੂਰਤੋਂ26-26, ਲੁਧਿਆਣਾ ਤੋਂ 23, ਫ਼ਤਹਿਗੜ੍ਹ ਸਾਹਿਬ ਤੋਂ 21, ਫ਼ਰੀਦਕੋਟ ਅਤੇ ਫ਼ਿਰੋਜ਼ਪੁਰ ਤੋਂ22-22 ਅਤੇ ਪਟਿਆਲਾ ਤੋਂ 28 ਉਮੀਦਵਾਰ ਖੜੇ ਹਨ। ਮੁੱਖ ਚੋਣ ਅਫਸਰ ਡਾ. ਐੱਸ ਕਰੁਣਾ ਰਾਜੂ ਨੇ ਦੱਸਿਆ ਕਿ ਗੁਰਦਾਸਪੁਰ, ਅਨੰਦਪੁਰ ਸਾਹਿਬ, ਫ਼ਤਹਿਗੜ੍ਹ ਸਾਹਿਬ, ਬਠਿੰਡਾ, ਸੰਗਰੂਰ ਤੇ ਪਟਿਆਲਾ ਤੋਂ ਇਕ-ਇਕ ਅਤੇ ਖਡੂਰ ਸਾਹਿਬ ਤੋਂ ਦੋ ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲਏ ਹਨ ਅਤੇ ਵੋਟਾਂ 19 ਮਈ ਨੂੰ ਪੈਣਗੀਆਂ।

# ਮਜ਼ਦੂਰ ਦਿਵ ਸਮੌਕੇ ਮਿੱਲ ਪ੍ਰਬੰਧਕਾਂ ਨੇ ਮਜ਼ਦੂਰਾਂ ਉੱਤੇ ਗੋਲ਼ੀਆਂ ਚਲਾ ਦਿੱਤੀਆਂ

ਗਾਜ਼ੀਆਬਾਦ, 1 ਮਈ, (ਪੋਸਟ ਬਿਊਰੋ)- ਮੇਰਠ ਹਾਈਵੇਅ ਉੱਤੇ ਮਹੇਂਦਰਪੁਰੀ ਕੱਟ ਨੇੜਲੀ ਮੋਦੀ ਕੱਪੜਾ ਮਿੱਲ ਵਿੱਚਅੱਜ ਬੁੱਧਵਾਰ ਸਵੇਰੇ ਮਿੱਲ ਪ੍ਰਬੰਧਕਾਂ ਤੇ ਮਜ਼ਦੂਰਾਂ ਵਿਚਾਲੇ ਝੜਪ ਹੋ ਗਈ ਅਤੇ ਮਿੱਲ ਪ੍ਰਬੰਧਕਾਂਵੱਲੋਂ ਦਰਜਨਾਂ ਰਾਊਂਡ ਫਾਇਰ ਕੀਤੇ ਜਾਣ ਦੇ ਦੌਰਾਨ ਦੋ ਮਜ਼ਦੂਰਾਂ ਨੂੰ ਗੋਲ਼ੀ ਲੱਗੀ ਹੈ। ਅਸਲ ਵਿੱਚ ਕਰੀਬ 15 ਸਾਲ ਤੋਂ ਬੰਦ ਪਈ ਮੋਦੀ ਕੱਪੜਾ ਮਿੱਲ ਦੇ ਮਜ਼ਦੂਰਾਂ ਨੇ ਦੋਸ਼ ਲਾਇਆ ਹੈ ਕਿ ਮਿੱਲ ਦੀ ਮੈਨੇਜਮੈਂਟ ਚੋਰੀ-ਛਿਪੇ ਮਿੱਲ ਵਿਚ ਪਿਆ ਸਕ੍ਰੈਪ ਕੱਢ ਕੇ ਵੇਚਣਾ ਚਾਹੁੰਦੀ ਹੈ। ਅੱਜ ਬੁੱਧਵਾਰ ਨੂੰ ਮੈਨੇਜਮੈਂਟ ਜਦੋਂ ਸਕ੍ਰੈਪ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਸੈਂਕੜਿਆਂ ਦੀ ਗਿਣਤੀ ਵਿੱਚ ਮਜ਼ਦੂਰ ਓਥੇ ਆਣ ਪਹੁੰਚੇ ਅਤੇਇਸ ਪਿੱਛੋਂ ਪੁਲਸ ਦੇ ਸਰਕਲ ਅਫਸਰ ਮੋਦੀਨਗਰ ਕੇ ਪੀ ਮਿਸ਼ਰ, ਐੱਸ ਪੀ ਰੂਰਲ ਨੀਰਜ ਕੁਮਾਰ ਜਾਦੌਨ ਵੀ ਆਗਏ ਅਤੇ ਆਲੇ-ਦੁਆਲੇ ਦੇ ਕਈ ਥਾਣਿਆਂ ਦੀ ਫੋਰਸ ਵੀ ਬੁਲਾ ਲਈ ਗਈ ਅਤੇ ਸਥਿਤੀ ਸੰਭਾਲੀ ਗਈ।

ਵਰਨਣ ਯੋਗ ਹੈ ਕਿ ਮੋਦੀ ਕੱਪੜਾ ਮਿੱਲ ਕਰੀਬ 15 ਸਾਲ ਪਹਿਲਾਂ ਬੰਦ ਹੋ ਗਈ ਸੀ। ਓਦੋਂ ਮਿੱਲ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਮੁਲਾਜ਼ਮ ਕੰਮ ਕਰਦੇ ਸਨ। ਮਿੱਲ ਬੰਦ ਹੋਣ ਸਮੇਂ ਉਨ੍ਹਾਂ ਨੂੰ ਭੁਗਤਾਨ ਨਹੀਂ ਕੀਤਾ ਗਿਆ। ਏਸੇ ਕਾਰਨ ਓਦੋਂ ਤੋਂ ਮਜ਼ਦੂਰਾਂ ਤੇ ਮਿੱਲ ਪ੍ਰਬੰਧਕਾਂ ਵਿਚਾਲੇ ਭੁਗਤਾਨ ਵਾਸਤੇ ਖਿੱਚੋਤਾਣ ਚੱਲ ਰਹੀ ਹੈ। ਮਜ਼ਦੂਰਾਂ ਨੇ ਦੋਸ਼ ਲਾਇਆ ਕਿ ਲੰਬੇ ਸਮੇਂ ਤੋਂਮੈਨੇਜਮੈਂਟ ਚੋਰੀ-ਛਿਪੇ ਮਿੱਲ ਵਿਚ ਪਿਆ ਸਕ੍ਰੈਪ ਵੇਚਣਦੇ ਬਹਾਨੇ ਮਸ਼ੀਨਰੀ ਕੱਢਣ ਦੇ ਚੱਕਰ ਵਿੱਚ ਹੈ। ਮਿੱਲ ਦੀ ਮਸ਼ੀਨਰੀ ਤੇ ਹੋਰ ਸਮਾਨ ਦੀ ਕੀਮਤ ਅੱਜ ਵੀ ਕਰੋੜਾਂ ਰੁਪਏਹੈ।ਮਜ਼ਦੂਰਾਂ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਨੇਜਮੈਂਟ ਦੇ ਕਈ ਲੋਕ ਮਿੱਲ ਵਿਚ ਆਏ ਹਨ। ਇਸ ਉੱਤੇ 100-150 ਮਜ਼ਦੂਰ ਵੀ ਓਥੇ ਜਾ ਪਹੁੰਚੇ। ਮੈਨੇਜਮੈਂਟ ਨੇ ਨਿੱਜੀ ਸੁਰੱਖਿਆ ਮੁਲਾਜ਼ਮਾਂ ਅਤੇ ਬਾਊਂਸਰਾਂ ਨੂੰ ਅੱਗੇ ਕਰ ਦਿੱਤਾ ਅਤੇ ਪਿਛਲੇ ਰਸਤੇ ਤੋਂ ਸਕ੍ਰੈਪ ਕੱਢਣਾ ਚਾਹਿਆ ਤਾਂ ਮਜ਼ਦੂਰਾਂ ਨੇ ਵਿਰੋਧ ਕੀਤਾ। ਇਸ ਮੌਕੇ ਪਹਿਲਾਂ ਉਨ੍ਹਾਂ



ਨੂੰ ਕੁੱਟਮਾਰ ਕੀਤੀ ਗਈ। ਹੰਗਾਮਾ ਹੋਇਆ ਤੇ ਜ਼ਬਰਦਸਤ ਪਥਰਾਅ ਹੋ ਗਿਆ ਤਾਂ ਮਿੱਲ ਪ੍ਰਬੰਧਕਾਂਦੇ ਲੋਕਾਂ ਨੇ ਕਰੀਬ ਤਿੰਨ ਦਰਜਨ ਰਾਊਂਡ ਫਾਇਰ ਕਰ ਦਿੱਤੇ, ਜਿਸ ਕਾਰਨ ਭਾਜੜ ਮੱਚ ਗਈ। ਇਸ ਦੌਰਾਨ ਦੋ ਮਜ਼ਦੂਰਾਂ ਨੂੰ ਗੋਲ਼ੀ ਲੱਗ ਗਈ ਤਾਂ ਇਸ ਪਿੱਛੋਂ 400-500 ਮਜ਼ਦੂਰ ਮਿੱਲਨੇੜੇ ਇਕੱਠੇ ਹੋ ਕੇ ਪ੍ਰਦਰਸ਼ਨ ਕਰਨ ਲੱਗੇ। ਗੋਲੀ ਦੀ ਸੂਚਨਾ ਉੱਤੇ ਪੁਲਿਸ ਵਿਭਾਗ ਨੂੰ ਵੀ ਭਾਜੜ ਪੈ ਗਈ ਤੇ ਸਥਾਨਕ ਪੁਲਿਸ ਦੇ ਅਧਿਕਾਰੀ ਆ ਗਏ। ਹੰਗਾਮੇ ਦੇ ਡਰ ਕਾਰਨ ਕਰੀਬ 8-10 ਥਾਣਿਆਂ ਦੀ ਫੋਰਸ ਮੌਕੇ ਉੱਤੇਸੱਦ ਲਈ ਗਈ। ਇਸ ਪਿੱਛੋਂ ਮੈਨੇਜਮੈਂਟਵਾਲੇ ਲੋਕਾਂ ਨੂੰ ਮਿੱਲ ਤੋਂ ਕੱਢ ਕੇ ਮੋਦੀਨਗਰ ਥਾਣੇ ਭੇਜ ਦਿੱਤਾ ਗਿਆ ਹੈ। ਪੁਲਿਸ ਨੇ ਫਾਇਰਿੰਗ ਦੇ ਦੋਸ਼ ਵਿਚ ਪ੍ਰਬੰਧਕਾਂ ਦੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰਨ ਦਾ ਭਰੋਸਾ ਦਿੱਤਾ ਹੈ।

## ਖਪਤਕਾਰ ਫੋਰਮ ਵੱਲੋਂ ਜਾਰੀ ਗ੍ਰਿਫਤਾਰੀ ਵਾਰੰਟ ਤੋਂ ਚੇਅਰਮੈਨ ਤੇ ਕਮਿਸ਼ਨਰ ਨੂੰ ਰਾਹਤ ਮਿਲੀ

ਜਲੰਧਰ, 1 ਮਈ (ਪੋਸਟ ਬਿਊਰੋ)- ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਅਤੇ ਨਗਰ ਨਿਗਮ ਕਮਿਸ਼ਨਰ ਦੀਪਰਵਾ ਲਾਕੜਾ ਨੂੰ ਖਪਤਕਾਰ ਫੋਰਮ ਵੱਲੋਂ ਜਾਰੀ ਗ੍ਰਿਫਤਾਰੀ ਵਾਰੰਟ ਤੋਂ ਰਾਹਤ ਮਿਲ ਗਈ ਹੈ। ਇਸ ਸੰਬੰਧ ਵਿੱਚ ਟਰੱਸਟ ਨੇ ਸਟੇਟ ਖਪਤਕਾਰ ਫੋਰਮ ਵਿੱਚ ਅਪੀਲ ਉੱਤੇ ਸੁਣਵਾਈ ਲਈ ਪੰਜ ਕੇਸਾਂ ਦੀ ਮੂਲ ਰਾਸ਼ੀ ਕਰੀਬ 30 ਲੱਖ ਰੁਪਏ ਜਮ੍ਹਾਂ ਕਰਵਾ ਦਿੱਤੀ ਹੈ। ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ। ਇਨ੍ਹਾਂ ਕੇਸਾਂ ਵਿੱਚੋਂ ਬੀਬੀ ਭਾਨੀ ਕੰਪਲੈਕਸ ਦੇ ਅਲਾਟੀ ਜਤਿੰਦਰ ਕੌਰ ਦੇ ਕੇਸ ਵਿੱਚ ਜ਼ਿਲਾ ਖਪਤਕਾਰ ਫੋਰਮ ਦੇ ਫੈਸਲੇ ਖਿਲਾਫ ਇੰਪਰੂਵਮੈਂਟ ਟਰੱਸਟ ਨੇ ਸੂਬਾ ਖਪਤਕਾਰ ਫੋਰਮ ਵਿੱਚ ਕੇਸ ਕੀਤਾ ਸੀ, ਪਰ ਮਿਥੇ 30 ਦਿਨਾਂ ਵਿੱਚ ਕੇਸ ਦੀ ਮੂਲ ਰਾਸ਼ੀ ਛੇ ਲੱਖ ਰੁਪਏ ਜਮ੍ਹਾਂ ਨਹੀਂ ਕਰਵਾਈ ਗਈ ਸੀ। ਇਸ ਬਾਰੇ ਫੋਰਮ ਨੇ ਟਰੱਸਟ ਦੇ ਚੇਅਰਮੈਨ ਦੀਪਰਵਾ ਲਾਕੜਾ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕਰ ਕੇ ਤਿੰਨ ਜੂਨ ਤੱਕ ਕੇਸ ਦੀ ਮੂਲ ਰਾਸ਼ੀ ਜਮ੍ਹਾਂ ਕਰਵਾਉਣ ਨੂੰ ਕਿਹਾ ਸੀ। ਬੀਬੀ ਭਾਨੀ ਕੰਪਲੈਕਸ ਦੀ ਅਲਾਟੀ ਐਸੋਸੀਏਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਅਹੂਜਾ ਦਾ ਕਹਿਣਾ ਹੈ ਕਿ ਜ਼ਿਲਾ ਖਪਤਕਾਰ ਫੋਰਮ ਨੇ 20 ਫਰਵਰੀ ਨੂੰ ਜਤਿੰਦਰ ਕੌਰ, ਅੱਠ ਮਾਰਚ ਨੂੰ ਕਰਮਚੰਦ ਸ਼ਰਮਾ ਤੇ ਗਗਨਦੀਪ ਖੁਰਾਨਾ ਅਤੇ 12 ਮਾਰਚ ਨੂੰ ਮਨੋਜ ਕੁਮਾਰ ਭੰਡਾਰੀ ਤੇ ਚਰਨਪ੍ਰੀਤ ਸਿੰਘ ਦੇ ਮਾਮਲੇ ਵਿੱਚ ਫੈਸਲਾ ਦੇ ਕੇ ਟਰੱਸਟ ਨੂੰ ਫਲੈਟ ਦੀ ਮੂਲ ਰਾਸ਼ੀ ਨੂੰ ਵਿਆਜ ਅਤੇ ਮੁਆਵਜ਼ੇ ਦੇ ਨਾਲ ਵਾਪਸ ਦੇਣ ਲਈ ਕਿਹਾ ਸੀ। ਇਸ ਦੇ ਖਿਲਾਫ ਟਰੱਸਟ ਪ੍ਰਸ਼ਾਸਨ ਨੇ ਸੂਬਾ ਫੋਰਮ ਵਿੱਚ ਅਪੀਲ ਕੀਤੀ ਸੀ, ਪਰ ਕੇਸ ਨਾਲ ਗਾਰੰਟੀ ਦੀ ਰਕਮ ਜਮ੍ਹਾਂ ਨਾ ਕਰਾਉਣ ਕਾਰਨ ਵਾਰੰਟ ਜਾਰੀ ਹੋ ਗਿਆ ਸੀ। ਟਰੱਸਟ ਨੇ ਇਨ੍ਹਾਂ ਪੰਜ ਕੇਸਾਂ ਦੇ ਫੈਸਲੇ ਬਾਰੇ ਸੂਬਾ ਖਪਤਕਾਰ ਫੋਰਮ ਵਿੱਚ ਅਪੀਲ ਦੀ ਸੁਣਵਾਈ ਲਈ 30 ਲੱਖ ਜਮ੍ਹਾਂ ਕਰਵਾਏ ਹਨ।

## ਨੌਜਵਾਨ ਫੋਟੋ ਖਿੱਚਦੇ ਰਹੇ, ਬਿਨਾ ਹੈਂਡ ਬ੍ਰੇਕ ਖੜੋਤੀ ਕਾਰ ਨਹਿਰ ਵਿੱਚ ਜਾ ਡਿੱਗੀ

ਜਗਰਾਓਂ, 1 ਮਈ (ਪੋਸਟ ਬਿਊਰੋ)- ਪਿੰਡ ਝੋਰੜਾ ਦੇ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕ ਕੇ ਮੁੜਦੇ ਦੋ ਨੌਜਵਾਨਾਂ ਦੀ ਕਾਰ ਡੱਲਾ ਨਹਿਰ ਵਿੱਚ ਡਿੱਗ ਗਈ, ਪਰ ਨੌਜਵਾਨਾਂ ਦਾ ਬਚਾਅ ਹੋ ਗਿਆ।

ਇਹ ਹਾਦਸਾ ਉਦੋਂ ਹੋਇਆ, ਜਦ ਦੋਵੇਂ ਰਸਤੇ ਵਿੱਚ ਨਹਿਰ ਦੇਖ ਕੇ ਰੁਕ ਗਏ ਅਤੇ ਕਿਨਾਰੇ ਗੱਡੀ ਖੜ੍ਹੀ ਕਰ ਕੇ ਫੋਟੋ ਸੈਸ਼ਨ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਬਿਨਾ ਹੈਂਡ ਬ੍ਰੇਕ ਅਤੇ ਗੀਅਰ ਵਿੱਚ ਖੜ੍ਹੀ ਨਹਿਰ ਧੱਕਾ ਲੱਗਣ ਨਾਲ ਸਿੱਧਾ ਨਹਿਰ ਵਿੱਚ ਜਾ ਡਿੱਗੀ। ਦੋਵੇਂ ਨੌਜਵਾਨ ਮੋਗਾ ਦੇ ਰਹਿਣ ਵਾਲੇ ਭੋਲਾ ਸਿੰਘ ਅਤੇ ਜਰਨੈਲ ਸਿੰਘ ਹਨ। ਘਟਨਾ ਦਾ ਵੀਡੀਓ ਵੀ ਵਾਇਰਲ ਹੋ ਗਿਆ। ਲੋਕਾਂ ਨੇ ਦੱਸਿਆ ਕਿ ਕਾਰ ਨੂੰ ਨਹਿਰ ਵਿੱਚ ਦੇਖਿਆ ਤਾਂ ਸਾਰੇ ਲੋਕ ਇਕੱਠੇ ਹੋ ਗਏ, ਪਰੰਤੂ ਤਦ ਪਤਾ ਲੱਗਾ ਕਿ ਕਾਰ ਵਿੱਚ ਕੋਈ ਨਹੀਂ। ਲੋਕਾਂ ਨੇ ਕਿਹਾ, ਸੂਚਨਾ ਦੇਣ ਉਤੇ ਹਦਬੰਦੀ ਵਿੱਚ ਉਲਝੀ ਪੁਲਸ ਨੇ ਕਾਰ ਕਢਵਾਈ ਤੱਕ ਨਹੀਂ। ਕਾਉਂਕੇ ਚੌਕੀ ਦੇ ਮੁਖੀ ਹਰਮੇਸ਼ ਕੁਮਾਰ ਤੋਂ ਪੁੱਛਿਆ ਤਾਂ ਕਿਹਾ ਕਿ ਪਿੰਡ ਡੱਲਾ ਅਤੇ ਡੱਲਾ ਨਹਿਰ ਥਾਣਾ ਹਠੂਰ ਦੇ ਅਧੀਨ ਹਨ। ਥਾਣਾ ਹਠੂਰ ਦੇ ਇੰਚਾਰਜ ਸਿਮਰਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਘਟਨਾ ਉਨ੍ਹਾਂ ਦੇ ਏਰੀਏ ਦੀ ਨਹੀਂ। ਐੱਸ ਐੱਸ ਪੀ ਵਰਿੰਦਰ ਸਿੰਘ ਬਰਾੜ ਨੇ ਕਿਹਾ ਕਿ ਜਾਂਚ ਕਰਨਗੇ ਅਤੇ ਲਾਪਰਵਾਹੀ ਕਰਨ ਵਾਲੇ ਕਿਸੇ ਵੀ ਅਫਸਰ ਨੂੰ ਨਹੀਂ ਬਖਸ਼ਣਗੇ।









# ਸਥਾਨਕ ਪਾਰਲੀਮੈਂਟ ਮੈਂਬਰਾਂ ਵੱਲੋਂ ਬਰੈਂਪਟਨ ’ਚ ਸੀਨੀਅਰਜ਼ ਲਈ ਟਾਊਨ ਹਾਲ ਮੀਟਿੰਗ



ਬਰੈਂਪਟਨ, -ਨਵੀਂ ਬਣੀ ਸੀਨੀਅਰਜ਼ ਦੀ ਮੰਤਰੀ ਮਾਣਯੋਗ ਫ਼ਿਲੋਮੇਨਾ ਤਾਸੀ ਨੇ ਬਰੈਂਪਟਨ ਸਾਊਥ ਦੀ ਐੱਮ.ਪੀ. ਸੋਨੀਆ ਸਿੱਧੂ ਤੇ ਬਰੈਂਪਟਨ ਨੌਰਥ ਦੀ ਐੱਮ.ਪੀ. ਰੂਬੀ ਸਹੋਤਾ ਦੇ ਨਾਲ ਕਰਿੱਸ ਗਿਬਸਨ ਰੀਕਰੀਏਸ਼ਨ ਸੈਂਟਰ ਵਿਚ ਬੀਤੇ ਐਤਵਾਰ ਸ਼ਾਮ ਨੂੰ ਸੀਨੀਅਰਾਂ ਦੀਆਂ ਸੰਸਥਾਵਾਂ ਨਾਲ ਹੋਈ ਟਾਊਨ ਹਾਲ ਮੀਟਿੰਗ ਵਿਚ ਕਈ ਅਹਿਮ ਮਸਲੇ ਵਿਚਾਰੇ। ਮੀਟਿੰਗ ਵਿਚ 100 ਤੋਂ ਵਧੇਰੇ ਸੀਨੀਅਰਜ਼ ਸ਼ਾਮਲ ਹੋਏ ਜੋ ਬਰੈਂਪਟਨ ਦੇ 30 ਸੀਨੀਅਰਜ਼ ਗਰੁੱਪਾਂ ਦੀ ਨੁਮਾਇੰਦਗੀ ਕਰ ਰਹੇ ਸਨ। ਉਨ੍ਹਾਂ ਨੇ ਮਾਣਯੋਗ ਮੰਤਰੀ ਨਾਲ ਆਪਣੇ ਵਿਚਾਰ ਅਤੇ ਮੁਸ਼ਕਲਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਦੇ ਵਿਚਾਰ ਵੀ ਸੁਣੇ ਕਿ ਫੈੱਡਰਲ ਸਰਕਾਰ ਉਨ੍ਹਾਂ ਲਈ ਹਾਊਸਿੰਗ, ਸਿਹਤ ਸੰਭਾਲ ਅਤੇ ਗ਼ਰੀਬੀ ਦੂਰ ਕਰਨ ਲਈ ਕੀ ਕੁਝ ਕਰ ਰਹੀ ਹੈ।

ਮੀਟਿੰਗ ਵਿਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਐੱਮ.ਪੀ. ਸੋਨੀਆ ਸਿੱਧੂ ਨੇ ਕਿਹਾ, "ਸੀਨੀਅਰਜ਼ ਸਾਡੀਆਂ ਕਮਿਊਨਿਟੀਆਂ ਦੇ ਥੰਮ੍ਹ ਹਨ ਅਤੇ ਉਹ ਸਾਰੀ ਉਮਰ ਸਖ਼ਤ ਮਿਹਨਤ ਕਰਨ ਤੋਂ ਬਾਅਦ ਆਪਣੀ ਸੁਰੱਖਿਅਤ ਅਤੇ ਮਾਣ-ਮੱਤੀ ਰਿਟਾਇਰਮੈਂਟ ਮਾਨਣ ਦੇ ਹੱਕਦਾਰ ਹਨ। ਏਸੇ ਲਈ ਹੀ ਇਹ ਟਾਊਨ ਹਾਲ ਮੀਟਿੰਗ ਅਹਿਮ ਹੈ। ਇਸ ਨਾਲ ਸਾਨੂੰ ਉਨ੍ਹਾਂ ਦੇ ਮੁੱਦਿਆਂ ਅਤੇ ਮਸਲਿਆਂ ਦੇ ਬਾਰੇ ਸਿੱਧੇ ਤੌਰ ‘ਤੇ ਸੁਣਨ ਦਾ ਮੌਕਾ ਮਿ-ਲਆ ਹੈ ਤਾਂ ਜੋ ਅਸੀਂ ਉਨ੍ਹਾਂ ਦੀ ਹੋਰ ਚੰਗੇਰੇ ਤਰੀਕਿਆਂ ਨਾਲ ਸੇਵਾ ਕਰ ਸਕੀਏ ਅਤੇ ਉਨ੍ਹਾਂ ਲਈ ਯੋਗ ਪੂੰਜੀ ਨਿਵੇਸ਼ ਕਰ ਸਕੀਏ। ਸਾਰੇ ਹੀ ਬਜ਼ੁਰਗਾਂ ਨੂੰ ਸੁਰੱਖ਼ਿਅਤ ਅਤੇ ਸਨਮਾਨਯੋਗ ਜੀਵਨ ਜਿਊਣਾ ਜ਼ਰੂਰੀ ਹੈ ਅਤੇ ਅਸੀਂ ਉਨ੍ਹਾਂ ਲਈ ਸਖ਼ਤ ਮਿਹਨਤ ਕਰ ਰਹੇ ਹਾਂ।"

2015 ਵਿਚ ਚੁਣੇ ਜਾਣ 'ਤੇ ਫ਼ੈੱਡਰਲ ਸਰਕਾਰ ਨੇ 'ਓਲਡ ਏਜ ਸਕਿਊਰਿਟੀ' ਅਤੇ 'ਗਰੰਟੀਡ ਇਨਕਮ ਸਪਲੀਮੈਂਟ ਦੇ ਲਾਭ ਲੈਣ ਲਈ ਉਮਰ ਦੀ ਹੱਦ 65 ਸਾਲ ਕਰ ਦਿੱਤੀ ਹੈ, ਜਦ ਕਿ ਪਿਛਲੀ ਸਰਕਾਰ ਦੇ ਸਮੇਂ ਇਹ 67 ਸਾਲ ਸੀ। ਇਸ ਦੇ ਨਾਲ ਹੀ ਗਰੰਟੀਡ ਇਨਕਮ ਸਪਲੀਮੈਂਟ ਦੀ ਉੱਪਰਲੀ ਹੱਦ ਵਿਚ ਵੀ ਵਾਧਾ ਕੀਤਾ ਗਿਆ ਹੈ ਜਿਸ ਨਾਲ 900,000 ਸੀਨੀਅਰਾਂ ਨੂੰ ਲਾਭ ਹੋਵੇਗਾ ਅਤੇ ਲੱਗਭੱਗ 57,000 ਸੀਨੀਅਰਜ਼ ਗ਼ਰੀਬੀ ਦੀ ਹੱਦ ਤੋਂ ਉੱਪਰ ਆ ਜਾਣਗੇ।

# ਐਸੋਸੀਏਸ਼ਨ ਆਫ ਸੀਨੀਅਰਜ਼ ਦੀ ਜਨਰਲ ਬਾਡੀ ਮੀਟਿੰਗ 9 ਮਈ ਨੂੰ

## ਫਿਊਨਰਲ ਸੇਵਾਵਾਂ ਦੀ ਰਜਿਸਟ੍ਰੇਸ਼ਨ ਫੀਸ ਦੀ ਵਾਪਸੀ ਲਈ ਸੰਪਰਕ 31 ਮਈ ਤੱਕ

(ਹਰਜੀਤ ਬੇਦੀ): ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਵਲੋਂ ਇਸ ਸੈਸ਼ਨ ਦੀ ਜਨਰਲ ਬਾਡੀ ਦੀ ਪਲੇਠੀ ਮੀਟਿੰਗ 9 ਮਈ 2019 ਦਿਨ ਵੀਰਵਾਰ ਸਵੇਰੇ 10:00 ਵਜੇ ਪਹਿਲਾਂ ਵਾਲੇ ਸਥਾਨ 50, ਸੰਨੀ ਮੀਡੋ ਤੇ ਕਮਰਾ ਨੰਬਰ 108 ਵਿੱਚ ਹੋਵੇਗੀ। ਇਸ ਮੀਟਿੰਗ ਵਿੱਚ ਪਿਛਲੀ ਜਨਰਲ ਬਾਡੀ ਮੀਟਿੰਗ ਬਾਦ ਕਾਰਜਕਾਰਣੀ ਦੁਆਰਾ ਕੀਤੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਪਿਛਲੇ ਸਮੇਂ ਵਿੱਚ ਫੈਡਰਲ, ਪਰੋਵਿੰਸਲ ਅਤੇ ਸਿਟੀ ਦੇ ਨੁਮਾਇੰਦਿਆਂ ਨਾਲ ਹੋਈਆਂ ਮੀਟਿੰਗਾਂ ਬਾਰੇ ਵਿਸਥਾਰਪੂਰਬਕ ਗੱਲਬਾਤ ਕੀਤੀ ਜਾਵੇਗੀ।ਪਿਛਲੇ ਸਾਲ ਦੀਆਂ ਗਤੀਆਂਵਿਧੀਆਂ ਦੀ ਪੜਚੋਲ ਅਤੇ ਆਉਣ ਵਾਲੇ ਸਮੇਂ ਲਈ ਉਲੀਕੇ ਜਾਣ ਵਾਲੇ ਪਰੋਗਰਾਮਾਂ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ। ਰਿਆਇਤੀ ਮਾਸਿਕ ਬੱਸ ਪਾਸ ਬਾਰੇ ਹੋਏ ਫੈਸਲੇ ਦੀ ਪੂਰੀ ਜਾਣਕਾਰੀ ਦੇਣ ਲਈ ਸਿਟੀ ਦੇ ਨੁਮਾਇੰਦੇ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਸਸਤੀਆਂ ਫਿਊਨਰਲ ਸੇਵਾਵਾਂ ਲਈ ਬਹੁਤ ਸਾਰੇ ਵਿਅਕਤੀਆਂ ਨੇ ਰਜਿਸਟਰੇਸ਼ਨ ਸਮੇਂ 100 ਡਾਲਰ ਪ੍ਰਤੀ ਵਿਅਕਤੀ ਜਮ੍ਹਾਂ ਕਰਵਾਏ ਸਨ। ਪਰੰਤੂ ਐਸੋਸੀਏਸ਼ਨ ਵਲੋਂ ਹੁਣ ਇਹ ਰਜਿਟਰੇਸ਼ਨ ਬਿਲਕੁੱਲ ਮੁਫਤ ਕੀਤੀ ਜਾਂਦੀ ਹੈ।ਇਕੱਠੀ ਕੀਤੀ ਰਕਮ ਵਿੱਚੋਂ ਕੁੱਝ ਰਕਮ ਬੈਂਕ ਵਿੱਚ ਜਮ੍ਹਾਂ ਸੀ। ਐਸੋਸੀਏਸ਼ਨ ਦਾ ਮੱਤ ਸੀ ਕਿ ਇਹ ਰਾਸ਼ੀ ਸਬੰਧਤ ਵਿਅਕਤੀਆਂ ਨੂੰ ਵਾਪਸ ਕੀਤੀ ਜਾਵੇ ਪਰ ਇਸ ਮਸਲੇ ਦਾ ਕੋਈ ਹੱਲ ਨਾ ਹੋਣ ਕਾਰਣ ਇਹ ਅਕਾਊਂਟ ਸੀਜ਼ ਹੋ ਗਿਆ ਸੀ। ਜਥੇਬੰਦੀ ਦੇ ਲਗਾਤਾਰ ਅਤੇ ਅਣਥੱਕ ਯਤਨਾਂ ਦੇ ਸਿੱਟੇ ਵਜੋਂ ਹੁਣ ਇਹ ਰਾਸ਼ੀ ਐਸੋਸੀਏਸ਼ਨ ਨੂੰ ਪਰਾਪਤ ਹੋ ਚੁੱਕੀ ਹੈ। ਐਸੋਸੀਏਸ਼ਨ ਵਲੋਂ ਪਾਸ ਮਤੇ ਅਨੁਸਾਰ ਇਹ ਸਾਰੀ ਰਕਮ ਸਬੰਧਤ ਵਿਅਕਤੀਆਂ ਵਿੱਚ ਵੰਡੀ ਜਾਵੇਗੀ।ਇਸ ਸਬੰਧ ਵਿੱਚ ਸਭ ਤੋਂ ਵੱਡੀ ਸਮੱਸਿਆ ਇਸ ਦੇ ਦਾਅਵੇਦਾਰਾਂ ਦੀ ਪਛਾਣ ਕਰਨ ਦੀ ਹੈ। ਕੁੱਝ ਸਮਾਂ ਪਹਿਲਾਂ 175 ਵਿਅਕਤੀਆਂ ਦੀ ਲਿਸਟ ਹੋਗਲ ਫਿਊਨਰਲ ਹੋਮ ਤੋਂ ਪ੍ਰਾਪਤ ਹੋਈ ਸੀ। ਇਸ ਲਿਸਟ ਤੋਂ ਬਿਨਾਂ ਹੋਰ ਵੀ ਕਈ ਵਿਅਕਤੀਆਂ ਦੇ ਫੋਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਕੋਲ ਅਕਸਰ ਆਉਂਦੇ ਰਹਿੰਦੇ ਹਨ। ਇਹ ਫੈਸਲਾ ਕੀਤਾ ਗਿਆ ਹੈ ਕਿ ਦਾਅਵੇਦਾਰ ਵਿਅਕਤੀ ਆਪਣੀ ਅਸਲ ਰਸੀਦ, ਹੋਗਲ ਫਿਊਨਰਲ ਹੋਮ ਦਾ ਰਜਿਸਟਰੇਸ਼ਨ ਪੱਤਰ, ਅਤੇ ਆਪਣੀ ਫੋਟੋ ਆਈ ਡੀ ਰਾਹੀਂ ਆਪਣੀ ਪਛਾਣ ਨੂੰ ਯਕੀਨੀ ਬਨਾਉਣ। ਇਸ ਕੰਮ ਨੂੰ ਪੂਰਾ ਕਰਨ ਲਈ ਆਖਰੀ ਮਿਤੀ 31 ਮਈ 2019 ਰੱਖੀ ਗਈ ਹੈ। ਇਸ ਤੋਂ ਬਾਦ ਕਿਸੇ ਵੀ ਦਾਅਵੇਦਾਰੀ ਨੂੰ ਪਰਵਾਨ ਕਰਨਾ ਸੰਭਵ ਨਹੀਂ ਹੋਵੇਗਾ। ਸਬੰਧਤ ਵਿਅਕਤੀਆਂ ਦੀ ਰਜਿਸਟਰੇਸ਼ਨ 10 ਸਤੰਬਰ 2015 ਤੋਂ ਪਹਿਲਾਂ ਦੀ ਹੋਈ ਹੋਵੇ।ਇਸ ਕੰਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ 2-2 ਮੈਂਬਰੀ ਦੋ ਟੀਮਾਂ ਬਣਾਈਆਂ ਗਈਆਂ ਹਨ। ਪਹਿਲੀ ਟੀਮ ਵਿੱਚ ਪਰੀਤਮ ਸਿੰਘ ਸਰਾਂ 416-833-0567 ਅਤੇ ਹਰਦਿਆਲ ਸਿੰਘ ਸੰਧੂ 647-686-4201 ਹਨ ਜਿਹਨਾਂ ਨੂੰ ਹਫਤੇ ਦੇ ਪੰਜੇ ਦਿਨ 11 ਤੋਂ 2 ਵਜੇ ਤੱਕ ਕੈਸੀਕੈਂਬਲ ਕਮਿਊਨਿਟੀ ਸੈਂਟਰ (ਸੈਂਡਲਵੁੱਡ ਅਤੇ ਚਿਕੁੰਜੀ ਇੰਟਰਸੈਕਸ਼ਨ) ਵਿੱਚ ਆਪਣੀਆਂ ਰਸੀਦਾਂ ਜਮ੍ਹਾਂ ਕਰਵਾ ਸਕਦੇ ਹੋ। ਦੂਜੀ ਟੀਮ ਵਿੱਚ ਪਰਮਜੀਤ ਬੜਿੰਗ 647-963-0331 ਅਤੇ ਜੰਗੀਰ ਸਿੰਘ ਸੈਂਭੀ 416-409-0126 ਹਨ ਜਿੰਨ੍ਹਾਂ ਨੂੰ ਸੋਮਵਾਰ, ਮੰਗਲਵਾਰ, ਵੀਰ ਅਤੇ ਸ਼ੁੱਕਰਵਾਰ ਨੂੰ ਸ਼ਾਮ 4 ਵਜੇ ਤੋਂ 6 ਵਜੇ ਤੱਕ ਕਾਲਡਰਸਟੋਨ ਮਿਡਲ ਸਕੂਲ ( ਕੌਟਰੇਲ ਅਤੇ ਕਾਲਡਰਸਟੋਨ ਇੰਟਰਸੈਕਸ਼ਨ) ਵਿੱਚ ਮਿਲਿਆ ਜਾ ਸਕਦਾ ਹੈ। ਪਰੇਸ਼ਾਨੀ ਤੋਂ ਬਚਣ ਲਈ ਪਹਿਲਾਂ ਫੋਨ ਕਰਕੇ ਆਇਆ ਜਾਵੇ। ਐਸੋਸੀਏਸ਼ਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਦੇਵ ਸੂਦ 416-553-0722 ਜਾਂ ਬਲਵਿੰਦਰ ਬਰਾੜ 647-262-4026 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਬੀਬੀ ਪਰਮਜੀਤ ਕੌਰ ਖਾਲੜਾ ਦੀ ਜਿੱਤ ਲਈ ਸੁਖਮਨੀ ਸਾਹਿਬ ਦੇ ਪਾਠ 4 ਮਈ ਨੂੰ

ਟੋਰਾਂਟੋ : ਸਾਨੂੰ ਸੱਭ ਨੂੰ ਪਤਾ ਹੈ ਕਿ ਬੀਬੀ ਪਰਮਜੀਤ ਕੌਰ ਖਾਲੜਾ ਜੀ, ਪੰਜਾਬ ਦੀ ਅਜ਼ਮੱਤ ਬਚਾਉਣ ਖ਼ਾਤਰ ਚੋਣ ਮੈਦਾਨ ਵਿੱਚ ਉਤਰੇ ਹੋਏ ਹਨ। ਇਨ੍ਹਾਂ ਨੇ ਪੰਜਾਬ ਵਿੱਚ ਹੋਏ 2500 ਬੇ- ਦੋਸ਼ੇ ਨੌਜਵਾਨਾਂ ਦੇ ਕੱਤਲ਼ਾਂ ਪ੍ਰਤੀ ਆਵਾਜ਼ ਨੂੰ ਬੁਲੰਦ ਕਰਦਿਆਂ ਕਾਤਲਾਂ ਨੂੰ ਸਜ਼ਾ ਕਰਵਾਈ ਹੈ। ਸਮੂਹ ਪੰਜਾਬੀਆਂ ਦੇ ਹੱਕਾਂ ਪ੍ਰਤੀ ਆਵਾਜ਼ ਨੂੰ ਲਾਮਬੰਦ ਇੰਨਾਂ ਦੇ ਪਤੀ ਸ ਜਸਵੰਤ ਸਿੰਘ ਖਾਲੜਾ ਜੀ ਨੇ ਆਪਣੀ ਸ਼ਹਾਦਤ ਨਾਲ ਕੀਤਾ ਹੈ।ਇਸ ਸੰਬੰਧੀ ਸਮੂਹ ਪੰਜਾਬੀ ਭਾਈਚਾਰਾ ਉਨ੍ਹਾਂ ਦੀ ਜਿੱਤ ਅਤੇ ਚੜ੍ਹਦੀ ਕਲਾ ਨਮਿਤ ਪਰਮਾਤਮਾ ਦੇ ਚਰਨਾਂ ਵਿੱਚ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਕਰਨ ਜਾ ਰਹੇ ਹਨ। ਆਓ ਸਾਰੇ ਰਲ ਮਿਲਕੇ ਉਨ੍ਹਾਂ ਨਾਲ ਸਹਿਯੋਗ ਕਰੀਏ। ਇਹ ਅਰਦਾਸ ਮਿਤੀ 4 ਮਈ 2019 ਨੂੰ ਓਨਟੇਰੀਓ ਖਾਲਸਾ ਦਰਬਾਰ, ਹਾਲ ਨੰਬਰ 2 ਵਿਖੇ ਦੁਪਹਿਰੇ 2 ਤੋਂ 4 ਵਜੇ ਦੇ ਵਿੱਚ ਹੋਵੇਗੀ । ਸਾਨੂੰ ਸੱਭ ਨੂੰ ਆਸ ਹੀ ਨਹੀਂ ਬਲਕਿ ਭਰਪੂਰ ਵਿਸ਼ਵਾਸ ਹੈ ਕਿ ਈਸ਼ਵਰ ਪੰਜਾਬ ਵਾਸੀਆਂ ਉਪਰ ਮੇਹਰ ਕਰਨਗੇ। ਆਓ ਸਾਰੇ ਰਲ ਮਿਲਕੇ ਸਰਬੱਤ ਦੇ ਭਲੇ ਦੀ ਅਰਦਾਸ ਵਿੱਚ ਸ਼ਾਮਲ ਹੋਈਏ। ਇਹ ਸੱਦਾ ਸਮੂਹ ਪੰਜਾਬੀਆਂ ਨੂੰ ਹੈ ਜੀ।

## ਬੱਚਿਆਂ ਦੀ ਸਹਾਇਤਾ ਲਈ ਚੈਰਟੀ ਵਾਕ 20 ਮਈ ਨੂੰ

ਬਰੈਂਪਟਨ-(ਏਮਨ) ਬਰੈਂਪਟਨ ਵਿੱਚ ਸਥਾਪਿਤ ਵੱਡੇ ਤੇ ਨਵੇਂ ਸੈਂਟਰ ਏਰਿੰਨ -ਓਕ (ERI-NOAK) ਕਿੱਡਸ ਸੈਂਟਰ ਵਿੱਚ ਸੁਪੈਸਲ ਜ਼ਰੂਰਤਮੰਦ ਬਿਮਾਰ ਬੱਚਿਆਂ ਦੀ ਸਹਾਇਤਾ ਲਈ ਚੈਰਟੀ ਵਾਕ ਵੀਹ ਮਈ ਨੂੰ ਜਿੰਮ ਆਰਚਡੇਕਿੰਨ ਸੈਂਟਰ ਬਰੈਂਪਟਨ (Jim Archdekin Centre Brampton) ਵਿੱਚ ਆਯੋਜਿਤ ਕੀਤੀ ਜਾ ਰਹੀ ਹੈ।ਇਹ ਵਾਕ ਸਵੇਰੇ ਅੱਠ ਵਜੇ ਤੇ ਇੱਕ ਵਜੇ ਦੁਪਿਹਰ ਤੱਕ ਹੋਵੇਗੀ ।ਜਿਸ ਵਿੱਚ ਹਰ ਕੋਈ ਵਸਨੀਕ ਭਾਗ ਲੈ ਸਕਦਾ ਹੈ ।ਇਸ ਵਾਕ ਮੌਕੇ ਇਕੱਠੀ ਹੋਈ ਸਾਰੀ ਰਾਸ਼ੀ ਸੰਸਥਾ ਏਰਿੰਨ ਓਕ ਕਿੱਡਸ ਸੰਸਥਾਂ ਨੂੰ ਭੇਟ ਕੀਤੀ ਜਾਵੇਗੀ ।ਇਸ ਚੈਰਟੀ ਵਾਕ ਨੂੰ ਹੋਰਾਂ ਤੋਂ ਇਲਾਵਾ ਫਾਲਕੋ ਗਰੁੱਪ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ।ਜੇ ਤੁਸੀ ਵੀ ਇਸ ਵਾਕ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ (905) 915-9100 ਜਾਂ 416-509-6200 ਸੰਪਰਕ ਕਰ ਸਕਦੇ ਹੋ ।

# ਸੇਵਾਦਲ ਵੱਲੋਂ 2019 ਮਲਟੀਕਲਚਰ ਈਵੈਂਟ ਉਪਰ ਇਕ ਖਾਸ ਫੋਕਸ: ਸਕੀਜ਼ੋਫਰੀਨੀਆ

ਸੀਨੀਅਰਜ਼ ਸੋਸ਼ਿਲ ਸਰਵਿਸਜ਼ ਗਰੁਪ ਵਲੋਂ ਦਿਤੀਆ ਜਾਦੀਆਂ ਸਮਾਜਕ ਸੇਵਾਵਾਂ ਹਰ ਸੂਝਵਾਨ ਦਿਲ ਨੂੰ ਸਕੂਨ ਦੇਂਦੀਆਂ ਹਨ। ਭਾਈਚਾਰੇ ਦੇ ਭਲੇ ਲਈ ਹਰ ਸਮੇ ਤਤਪਰ ਰਹਿਣ ਵਾਲੀ ਇਸ ਸੰਸਥਾ ਨੇ ਜਿਥੇ ਬੇਸਿਕ ਫੀਊਨਰਲ ਦੀ ਇਨਵੈਨਸ਼ਨ ਕਰਕੇ ਗ਼੍ਰੀਬ ਅਤੇ ਅਮੀਰ ਵਰਗ ਦੋਨਾਂ ਲਈ ਭਾਰੀ ਬਚਤ ਕੀਤੀ ਹੈ ਉਥੇ ਸਥਾਨਕ ਤੌਰ ਉਪਰ ਅਸਥੀਆਂ ਤਾਰਣ ਦੀਆਂ ਸੇਵਾਵਾਂ ਵੀ ਉਪਲੱਭਤ ਕਰਵਾਈਆ ਹਨ। 6 ਸਾਲਾ ਤੋਂ ਲਗਾਤਾਰ ਮਲਟੀਕਲਚਰਲ ਈਵੈਂਟਸ ਦਾ ਅਯੋਜਿਨ ਕਰਕੇ ਭਾਈਚਾਰੇ ਨੂੰ ਨਵੀਂ ਤੋਂ ਨਵੀਂ ਸੇਧ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਿਛਲੇ ਸਾਲਾ ਵਿਚ ਆਮ ਜੰਤਾ ਅਤੇ ਸੀਨੀਅਰਜ਼ ਨਾਲ ਹੁੰਦੇ ਫਰਾਡਜ਼ ਉਪਰ ਜਾਣਕਾਰੀਆਂ ਦੇਕੇ ਜਾਗਰਿਤੀ ਪੈਦਾ ਕੀਤੀ ਸੀ।

2019 ਦੇ ਈਵੈਂਟ ਲਈ ਇਕ ਖਾਸ ਫੋਕਸ ਚੁਣਿਆ ਗਿਆ ਹੈ। ਜੀਟੀਏ ਵਿਚ ਸਰਗਰਮ ‘ਸਕੀਜ਼ੋਫਰੀਨੀਆ ਸੋਸਾਇਟੀ ਆਫ ਅੰਟਾਰੀਓ ਦੀ ਡਾਇਰੈਕਟਰ ਵਲੋਂ ਇਕ ਸੈਮੀਨਾਰ ਕੀਤਾ ਜਾਵੇਗਾ। ਦਸਿਆ ਜਾਵੇਗਾ ਕਿ ਇਸ ਮਾਨਸਿਕ ਬੀਮਾਰੀ ਦੇ ਕੀ ਲਛਣ ਹਨ ਅਤੇ ਇਹ ਬੀਮਾਰੀ ਕਨੇਡਾ ਵਿਚ ਰਹਿਣ ਵਾਲੇਂ ਪ੍ਰੀਵਾਰਾਂ ਨੂੰ ਕਿਵੇਂ ਬਰਬਾਦ ਕਰ ਰਹੀ ਹੈ। ਅਜਿਹੇ ਮਾਨਸਿਕ ਬੀਮਾਰਾਂ ਨਾਲ ਕਿਵੇਂ ਨਜਿਠਿਆ ਜਾਵੇ ਬਾਰੇ ਤਫਸੀਲ ਦਿਤੀ ਜਾਵੇਗੀ। ਭਾਈਚਾਰੇ ਦੇ ਕੁਝ ਸੂਝਵਾਨ ਸਜਣਾ ਦੀ ਫਰਮਾਇਸ਼ ਉਪਰ ਇਹ ਅਯੋਜਿਨ ਹੋ ਰਿਹਾ ਹੈ। ਉਨ੍ਹਾ ਦੇ ਦਸਣ ਮੁਤਾਬਿਕ, ਇਸ ਬੀਮਾਰੀ ਬਾਰੇ ਜਾਨਣ ਦੀ ਜਿਤਨੀ ਜਰੂਰਤ ਸਾਡੇ ਪੰਜਾਬੀ ਭਾਈਚਾਰੇ ਨੂੰ ਹੈ ਸ਼ਾਇਦ ਹੋਰ ਕਿਸੇ ਕਮਿਓਨਿਟੀ ਨੂੰ ਨਾ ਹੋਵੇ। ਸਾਡੀਆਂ ਸਮੱਸਿਆਵਾਂ ਦੀਆ ਤਾਰਾ ਬਹੁਤਾ ਕਰਕੇ ਇਸ ਬੀਮਾਰੀ ਨਾਲ ਜੁੜੀਆ ਪਈਆਂ ਹਨ। ਚਾਹੇ ਘ੍ਰੇਲੂ ਜੀਵਨ ਹੈ ਚਾਹੇ ਸਮਾਜਕ ਜਾਂ ਰਾਜਨੀਤਕ ਹੈ, ਇਸ ਬੀਮਾਰੀ ਦੇ ਮਰੀਜ਼ ਦੁਸਰਿਆ ਲਈ ਮੁਸੀਬਤਾ ਖੜੀਆ ਕਰਦੇ ਰਹਿੰਦੇ ਹਨ। ਸਕੀਜ਼ੋਫਰੀਨੀਆ ਦਾ ਪੰਜਾਬੀ ਅਨੁਵਾਦ ਹੈ: ਬੇਭਰੋਸਗੀ ਅਤੇ ਝੂਠੀ ਛੱਕ। ਪਛਮੀ ਮੁਲਕਾਂ ਨੇ ਮਾਨਸਿਕ ਬੀਮਾਰੀਆਂ ਦੇ ਅਰਕ ਕਢ ਰਖੇ ਹਨ ਅਤੇ ਨਾਮ ਦੇ ਰੱਖੇ ਹਨ। ਪਰ ਪੂਰਬ ਵਾਲੇ ਲੋਕ ‘ਬੀਮਾਰ’ ਕੇਵਲ ਉਸ ਬੰਦੇ ਨੂੰ ਗਿਣਦੇ ਹਨ ਜੋ ਪੀੜਾਂ ਨਾਲ ਹਾਏ ਹਾਏ ਕਰਦਾ ਪਿਆ ਹੋਵੇ। ਮਾਨਸਿਕ ਬੀਮਾਰੀਆਂ ਵਾਸਤੇ ਲੋਕਾਂ ਵਿਚ ਬਹੁਤ ਘਟ ਜਾਣਕਾਰੀ ਹੈ।

ਆਓ ਇਸ ਨਾਮੁਰਾਦ ਬੀਮਾਰੀ ਬਾਰੇ 22 ਜੂਨ 2019 ਸ਼ਨਿਚਰਵਾਰ ਵਾਲੇ ਦਿਨ ਜਾਣਕਾਰੀ ਪ੍ਰਾਪਤ ਕਰੀਏ। ਮਲਟੀਕਲਚਰ ਈਵੈਂਟ ਹਰ ਸਾਲ ਦੀ ਤਰ੍ਹਾ 1 ਤੋਂ ਚਾਰ ਵਜੇ ਤਕ ਹੋਵੇਗੀ। ਜੋ ਸਜਣ 90 ਸਾਲ ਤੋਂ ਵਧ ਉਮਰ ਦੇ ਹਨ ਜਾਂ 50 ਸਾਲ ਜਾਂ ਇਸਤੋਂ ਵਧ ਵਾਲੀ ਮੈਰਿਜ ਐਨਵਰਸਰੀ ਉਪਰ ਗਵਰਨਰ ਜਨਰਲ ਆਫ ਕਨੇਡਾ ਤੋਂ ਵਧਾਈ ਸੰਦੇਸ਼ ਮੰਗਵਾਉਣ ਦੇ ਇਛੁਕ ਹੋਣ, ਸਾਡੇ ਨਾਲ ਰਾਫਤਾ ਕਰਨ। ਅਸੀਂ ਉਨ੍ਹਾ ਨੂੰ ਈਵੈਟ ਉਪਰ ਸਨਿਮਾਨਿਤ ਕਰਾਗੇ ਅਤੇ ਉਨ੍ਹਾ ਦੇ ਦਿਵਸ ਨੂੰ ਸੈਲੀਬਰੇਟ ਕਰਾਂਗੇ। ਬਾਕੀ ਤਫਸੀਲ ਇਕ ਵਖਰੀ ਨੀਊਜ਼ ਰਾਹੀ ਦਿਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਫੋਨ ਹਨ 905 794 7882 ਜਾ 647 528 3033 ਜਾਂ 905 840 4500




Join us for Sukhmani Sahib Path in Support of
Bibi Paramjit Kaur Khalra
ਬੀਬੀ ਪਰਮਜੀਤ ਕੌਰ ਖਾਲੜਾ
ਦੇ ਸਹਿਯੋਗ ਲਈ ਰਖੇ ਪਾਠ ਸੁਖਮਨੀ ਸਾਹਿਬ ਤੇ ਪਹੁੰਚੋ
May 4, 2019 2 pm to 4 pm
Ontario Khalsa Darbar
Hall# 2 (Dixie and Derry)
7080 Dixie Rd, Mississauga, ON L5S 1B7
4 ਮਈ, 2019 - 2 ਵਜੇ ਤੋਂ 4 ਵਜੇ
ਓਨਟਾਰੀਓ ਖਾਲਸਾ ਦਰਬਾਰ
ਹਾਲ # 2 (ਡਿਕਸੀ/ਡੈਰੀ)
7080 ਡਿਕਸੀ ਰੋਡ, ਮਿਸੀਸਾਗਾ ਓ ਞਨ L5S 1B7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



House for sale in Castlemore
ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।

Jagraj Sekhon
Sales Representative

Dhanwant Gosal
Broker
Dir: 416-562-1176
www.jagrajsekhon.com
Century 21
People's Choice Realty Inc, Brokerage
Dir: 416-277-4153
www.gosalhomes.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ


ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

## ਓਨਟਾਰੀਓ ਸਰਕਾਰ ਨੇ ਚਾਈਲਡ ਕੇਅਰ ਸੈਂਟਰਜ਼ ਨੂੰ ਦਿੱਤੀ ਜਾਣ ਵਾਲੀ 50 ਮਿਲੀਅਨ ਡਾਲਰ ਦੀ ਮਦਦ ਕੀਤੀ ਖ਼ਤਮ

...ਪੰਨਾ 1 ਦਾ ਬਾਕੀ

ਟੋਰਾਂਟੋ ਵਿੱਚ ਮਾਪਿਆਂ ਨੂੰ ਇਸ ਕੰਮ ਲਈ ਸਾਲ ਦੇ 20,000 ਡਾਲਰ ਤੋਂ ਵੀ ਵੱਧ ਅਦਾ ਕਰਨੇ ਪੈ ਰਹੇ ਹਨ। 18 ਮਹੀਨਿਆਂ ਤੋਂ ਘੱਟ ਦੇ ਬੱਚਿਆਂ ਲਈ ਇਹ ਮਹੀਨੇ ਦੇ 2000 ਡਾਲਰ ਤੋਂ ਵੀ ਵੱਧ ਬਣਦੇ ਹਨ। ਕੈਨੇਡੀਅਨ ਸੈਂਟਰ ਫੌਰ ਪਾਲਿਸੀ ਆਲਟਰਨੇਟਿਵਜ਼ ਵੱਲੋਂ ਜਾਰੀ ਕੀਤੀ ਗਈ ਇੱਕ ਤਾਜ਼ਾ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਵੈਨਕੂਵਰ ਵਿੱਚ 1,400 ਡਾਲਰ, ਕੈਲਗਰੀ ਵਿੱਚ 1,100 ਤੇ ਮਾਂਟਰੀਅਲ ਵਿੱਚ 175 ਡਾਲਰ ਦੇ ਮੁਕਾਬਲੇ ਟੋਰਾਂਟੋ ਵਿੱਚ ਬੱਚਿਆਂ ਦੀ ਸਾਂਭ ਸੰਭਾਲ ਲਈ ਪਰਿਵਾਰਾਂ ਨੂੰ ਔਸਤਨ 1,685 ਡਾਲਰ ਦੇਣੇ ਪੈਂਦੇ ਹਨ।

ਓਨਟਾਰੀਓ ਦੀ ਤਥਾ ਕਥਿਤ ਫੀਸ ਸਟੇਬਲਾਈਜ਼ੇਸ਼ਨ ਸਪੋਰਟ ਨੂੰ ਪਿਛਲੇ ਸਾਲ ਤਤਕਾਲੀ ਲਿਬਰਲ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਸੀ, ਜਿਸ ਤਹਿਤ ਘੱਟ ਤੋਂ ਘੱਟ ਉਜਰਤਾਂ ਵਿੱਚ 11.60 ਡਾਲਰ ਪ੍ਰਤੀ ਘੰਟੇ ਦੇ ਮੁਕਾਬਲੇ 14 ਡਾਲਰ ਪ੍ਰਤੀ ਘੰਟੇ ਦਾ ਵਾਧਾ ਕਰਨ ਦੀ ਗੱਲ ਆਖੀ ਗਈ ਸੀ। ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਚਾਈਲਡ ਕੇਅਰ ਆਪਰੇਟਰਜ਼ ਨੂੰ ਅਪਰੈਲ ਦੇ ਮੱਧ ਵਿੱਚ ਦੱਸਿਆ ਕਿ ਇਹ ਫੰਡਿੰਗ 31 ਮਾਰਚ ਨੂੰ ਖ਼ਤਮ ਹੋ ਗਈ। ਇੱਕ ਮੀਮੋ ਵਿੱਚ ਆਖਿਆ ਗਿਆ ਕਿ ਇਸ ਤੋਂ ਬਾਅਦ ਉਨ੍ਹਾਂ ਨੂੰ ਮਿਲਣ ਵਾਲੇ ਕਿਸੇ ਵੀ ਪੈਸੇ ਨੂੰ ਮੁੜ ਵਸੂਲਿਆ ਜਾਵੇਗਾ।

ਐਨਡੀਪੀ ਆਗੂ ਐਂਡਰੀਆ ਹੌਰਵਥ ਦਾ ਕਹਿਣਾ ਹੈ ਕਿ ਇਸ 50 ਮਿਲੀਅਨ ਡਾਲਰ ਦੇ ਫੰਡਾਂ ਦੀ ਜਿਹੜੀ ਕਟੌਤੀ ਕੀਤੀ ਗਈ ਹੈ ਇਨ੍ਹਾਂ ਦੀ ਭਰਪਾਈ ਕਿਸੇ ਤਰ੍ਹਾਂ ਤਾਂ ਕੀਤੀ ਹੀ ਜਾਵੇਗੀ। ਅਕਸਰ ਇਸ ਤੋਂ ਇਹੋ ਭਾਵ ਹੋਵੇਗਾ ਕਿ ਚਾਈਲਡ ਕੇਅਰ ਫੀਸ ਵਿੱਚ ਵਾਧਾ ਹੋ ਜਾਵੇਗਾ ਤੇ ਇਹ ਫੀਸਾਂ ਪਹਿਲਾਂ ਹੀ ਪਰਿਵਾਰਾਂ ਦੇ ਵੱਸੋਂ ਬਾਹਰ ਹੋਈਆਂ ਪਈਆਂ ਹਨ।

## ਮਸੂਦ ਅਜ਼ਹਰ ਨੂੰ ਕੌਮਾਂਤਰੀ ਅਤਿਵਾਦੀ ਐਲਾਨਿਆ ਗਿਆ, ਭਾਰਤ ਲਈ ਵੱਡੀ ਕਾਮਯਾਬੀ

...ਪੰਨਾ 1 ਦਾ ਬਾਕੀ



ਇਸ ਦੌਰਾਨ ਪਾਕਿਸਤਾਨ ਨੇ ਕਿਹਾ ਹੈ ਕਿ ਉਹ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰਵਿਰੁੱਧ ਪਾਬੰਦੀਆਂ ਨੂੰ ਤੁਰੰਤ ਲਾਗੂ ਕਰੇਗਾ। ਪਾਕਿਸਤਾਨ ਨੇ ਕਿਹਾ ਹੈ ਕਿ ਉਹ ਅਜ਼ਹਰ ਉੱਤੇਪਾਬੰਦੀ ਦੇ ਮਤੇ ਉੱਤੇ ਤਦੇ ਰਾਜ਼ੀ ਹੋਇਆ ਹੈ, ਜਦੋਂ ਪੁਲ-ਵਾਮਾ ਹਮਲੇ ਦੇ ਨਾਲ ਉਸ (ਪਾਕਿ-ਸਤਾਨ) ਨੂੰ ਜੋੜਨ ਦੀਆਂ ਕੋਸ਼ਿਸ਼ਾਂ ਸਮੇਤ ਸਾਰੇ ਸਿਆਸੀ ਸਬੰਧਾਂ ਨੂੰ ਮਤੇਤੋਂ ਹਟਾ ਲਿਆ ਗਿਆ ਸੀ।ਪਾਕਿਸਤਾਨ ਦੇ ਵਿਦੇਸ਼ ਦਫਤਰ ਦੇ ਬੁਲਾਰੇ ਮੁਹੰਮਦ ਫੈਸਲ ਨੇ ਕਿਹਾ ਕਿ ਪਾਕਿਸਤਾਨ ਅਜ਼ਹਰ ਉੱਤੇ ਲਾਈਆਂ ਪਾਬੰਦੀਆਂ ਤੁਰੰਤ ਲਾਗੂ ਕਰੇਗਾ। ਉਨ੍ਹਾਂ ਕਿਹਾ ਕਿ ਤਿੰਨ ਨੁਕਤਿਆਂ: ਯਾਤਰਾ ਪਾਬੰਦੀ, ਹਥਿਆਰ ਪਾਬੰਦੀ ਅਤੇ ਜਾਇਦਾਦ ਉੱਤੇ ਪਾਬੰਦੀ ਬਾਰੇ ਕਾਰਵਾਈ ਕੀਤੀ ਜਾਵੇਗੀ, ਕਿਉਂਕਿ ਪਾਕਿਸਤਾਨ ਇਕ ਜ਼ਿੰਮੇਦਾਰ ਦੇਸ਼ ਹੈ, ਅਸੀਂ ਸਹੀ ਕਾਰਵਾਈ ਕਰਾਂਗੇ। ਬੁਲਾਰੇ ਨੇ ਕਿਹਾ ਕਿ ਇਸ ਤੋਂ ਪਹਿਲਾਂ ਪਾਕਿਸਤਾਨ ਨੇ ਅਜ਼ਹਰ ਨੂੰ ਗਲੋਬਲ ਅੱਤਵਾਦੀ ਐਲਾਨ ਕੀਤੇ ਜਾਣਤੋਂ ਇਨਕਾਰ ਕੀਤਾ ਸੀ, ਕਿਉਂਕਿ ਉਸ ਦੇ ਪਿੱਛੇ ਸਿਆਸੀ ਏਜੰਡਾ ਸੀ ਤੇ ਉਨ੍ਹਾਂ ਦਾ ਮਕਸਦ ਪਾਕਿਸਤਾਨ ਨੂੰ ਬਦਨਾਮ ਕਰਨਾ ਸੀ। ਫੈਸਲ ਨੇ ਕਿਹਾ ਕਿ ਪਾਕਿਸਤਾਨ ਮੰਨਦਾ ਹੈ ਕਿ ਅੱਤਵਾਦ ਦੁਨੀਆ ਲਈ ਸਿਰਦਰਦ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਇੰਸ਼ੋਰੈਂਸ ਦਰਾਂ ਵਿੱਚ ਵਾਧੇ ਖਿਲਾਫ ਓਟਾ ਨੇ ਟੋਰਾਂਟੋ ਦੇ ਹਾਈਵੇਅਜ਼ ਨੂੰ ਜਾਮ ਕਰਕੇ ਕੀਤਾ ਮੁਜ਼ਾਹਰਾ










...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਸਾਲਾਂ ਵਿੱਚ ਹੀ ਇੰਸ਼ੋਰੈਂਸ ਦਰਾਂ ਦੁੱਗਣੀਆਂ ਹੋ ਗਈਆਂ ਹਨ। ਟਰੱਕਾਂ ਨਾਲ ਰੇਤੇ ਤੇ ਬੱਜਰੀ ਦੀ ਢੋਆ ਢੁਆਈ ਕਰਨ ਦੇ ਚਾਹਵਾਨ ਟਰੱਕ ਡਰਾਈਵਰਾਂ ਲਈ ਤਿੰਨ ਸਾਲਾਂ ਦੇ ਤਜ਼ਰਬੇ ਦੀ ਸ਼ਰਤ ਰੱਖੀ ਗਈ ਹੈ। ਇਸ ਲਈ ਨਵੇਂ ਡਰਾਈਵਰ ਇਸ ਪਾਸੇ ਨਹੀਂ ਆ ਪਾਉਂਦੇ। ਇਸ ਦੇ ਨਾਲ ਹੀ ਉੱਚੀਆਂ ਲਾਇਸੰਸਿੰਗ ਫੀਸਾਂ ਉੱਤੇ ਵੀ ਮੁਜ਼ਾਹਰਾਕਾਰੀਆਂ ਨੇ ਚਿੰਤਾ ਪ੍ਰਗਟਾਈ।

ਬੀਤੀ ਰਾਤ ਮੁਜ਼ਾਹਰਾਕਾਰੀ ਬਿੰਦਰ ਸਿੰਘ ਨੇ ਆਪਣੇ ਫੇਸਬੁੱਕ ਪੇਜ ਉੱਤੇ ਪਾਇਆ ਕਿ ਦਰਾਂ ਦੁੱਗਣੀਆਂ ਹੋ ਗਈਆਂ ਹਨ ਤੇ ਪਾਲਿਸੀਜ਼ ਤੋਂ ਇਨਕ-ਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇੰਸ਼ੋਰੈਂਸ ਦਰਾਂ ਵਿੱਚ ਇਹ ਵਾਧਾ ਤੇ ਮਨਮਰਜੀ ਦੀਆਂ ਦਰਾਂ ਸਹੀ ਨਹੀਂ ਹਨ। ਸਾਰੀਆਂ ਟਰੱਕਿੰਗ ਕੰਪਨੀਆਂ ਨੂੰ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਓਨਟਾਰੀਓ ਟਰਾਂਸਪੋਰਟੇਸ਼ਨ ਮੰਤਰੀ ਜੈੱਫ ਯੂਰੇਕ ਵੱਲੋਂ ਟੋਰਾਂਟੋ ਏਰੀਆ ਦੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੁਜ਼ਾਹਰਾਕਾਰੀਆਂ ਦੀ ਆਲੋਚਨਾ ਕੀਤੀ ਗਈ। ਉਨ੍ਹਾਂ ਆਖਿਆ ਕਿ ਸਾਡੇ ਹਾਈਵੇਅਜ਼ ਨੂੰ ਬੰਦ ਕਰਕੇ ਮੁਜ਼ਾਹਰਾ ਕਰਨ ਵਾਲਿਆਂ ਦਾ ਸਮਰਥਨ ਉਹ ਨਹੀਂ ਕਰ ਸਕਦੇ। ਉਨ੍ਹਾਂ ਆਖਿਆ ਕਿ ਆਪਣੀ ਗੱਲ ਰੱਖਣ ਦਾ ਇਹ ਗਲਤ ਢੰਗ ਹੈ।

## ਜਾਪਾਨ ਦੇ ਨਵੇਂ ਬਾਦਸ਼ਾਹ ਨਾਰੂਹੀਤੋ ਨੇ ਅਹੁਦਾ ਸੰਭਾਲਿਆ

ਟੋਕੀਓ, 1 ਮਈ, (ਪੋਸਟ ਬਿਊਰੋ)- ਜਾਪਾਨ ਦੇ ਨਵੇਂ ਸਮਰਾਟ ਨਾਰੂਹੀਤੋ ਨੇ ਅੱਜ ਅਹੁਦਾ ਸੰਭਾਲ ਲਿਆ ਅਤੇ ਇਸ ਮੌਕੇ ਦਿੱਤੇ ਅਪਣੇ ਪਹਿਲੇ ਭਾਸ਼ਣ ਵਿਚ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਦੇ ਨਾਲ ਜਨਤਾ ਨੂੰ ਭਰੋਸਾ ਦਿੱਤਾ ਕਿ ਉਹ ਹਮੇਸ਼ਾ ਉਨ੍ਹਾਂ ਨਾਲ ਖੜੇ ਰਹਿਣਗੇ। ਉਨ੍ਹਾਂ ਨੇ ਸਹੁੰ ਚੁੱਕੀ, 'ਸੰਵਿਧਾਨ ਮੁਤਾ-ਬਕ ਕੰਮ ਕਰਾਂਗਾ, ਮੇਰੇ ਵਿਚਾਰ ਹਮੇਸ਼ਾ ਮੇਰੇ ਲੋਕਾਂ ਲਈ ਹੋਣਗੇ ਤੇ ਮੈਂ ਹਮੇਸ਼ਾ ਉਨ੍ਹਾਂ ਨਾਲ ਖੜਾ ਰਹਾਂਗਾ।'



ਇਸ ਮੌਕੇ ਨਵੇਂ ਬਾਦਸ਼ਾਹ ਨਾਰੂਹੀਤੋ ਨੇ ਕਿਹਾ ਕਿ ਉਨ੍ਹਾਂ ਦੇ ਕੰਮਾਂ ਵਿਚ ਵੀ ਉਨ੍ਹਾਂ ਦੇ ਪਿਤਾ ਅਕੀਹੀਤੋ ਦੀ ਝਲਕ ਦਿਖਾਈ ਦਵੇਗੀ। ਬਾਦਸ਼ਾਹ ਅਕੀਹੀਤੋ ਨੂੰ ਵਿਸ਼ਵ ਦੇ ਪੁਰਾਣੇ ਸਾਮਰਾਜ ਨੂੰ ਜਨਤਾ ਦੇ ਨੇੜੇ ਲਿਆਉਣ ਵਾਲਾ ਕਿਹਾ ਜਾਂਦਾ ਹੈ। ਵਰਨਣ ਯੋਗ ਹੈ ਕਿ ਯੁਵਰਾਜ ਨਾਰੂਹੀਤੋ ਨੂੰ ਮੱਧ ਰਾਤ ਵੇਲੇ ਅਧਿਕਾਰਕ ਰੂਪ ਵਿਚ ਨਵਾਂ ਰਾਜਾ ਬਣਾਇਆ ਗਿਆ ਹੈ। ਉਹ ਇਸ ਦੇਸ਼ ਦੇ 126ਵੇਂ ਸਮਰਾਟ ਹਨ। ਨਾਰੂਹੀਤੋ ਅਪਣੇ ਪਿਤਾ ਅਕੀਹੀਤੋ ਦੇ ਅਹੁਦਾ ਛੱਡ ਜਾਣ ਮਗਰੋਂ ਸਮਰਾਟ ਬਣੇ ਹਨ। ਜਾਪਾਨ ਦੇ ਇਤਿਹਾਸ ਵਿਚ 200 ਸਾਲ ਤੋਂ ਵੱਧ ਸਮੇਂ ਬਾਅਦ ਕਿਸੇ ਸਮਰਾਟ ਨੇ ਅਹੁਦਾ ਛੱਡਿਆ ਹੈ।

59 ਸਾਲਾ ਨਾਰੂਹੀਤੋ ਨੇ ਬੁਧਵਾਰ ਸਵੇਰੇ ਇਕ ਸਮਾਰੋਹ ਵਿਚ ਰਸਮੀ ਰੂਪ ਵਿੱਚ ਰਾਜ ਗੱਦੀ ਸਵੀਕਾਰ ਕੀਤੀ। ਇਸ ਮੌਕੇ ਇੰਪੀਰੀਅਲ ਪੈਲੇਸ ਵਿਚ ਹੋਏ ਸਮਾਗਮ ਦੌਰਾਨ ਨਾਰੂਹੀਤੋ ਨੂੰ ਸ਼ਾਹੀ ਤਲਵਾਰ, ਸ਼ਾਹੀ ਗਹਿਣੇ, ਇਸ ਰਾਜ ਦੀ ਮੋਹਰ ਅਤੇ ਨਿੱਜੀ ਮੋਹਰ ਸੌਂਪੀ ਗਈ। ਸਮਾਰੋਹ ਦੌਰਾਨ ਨਿਯਮ ਮੁਤਾਬਕ ਸ਼ਾਹੀ ਪਰਵਾਰ ਦੀ ਕੋਈ ਮਹਿਲਾ ਮੈਂਬਰ ਮੌਜੂਦ ਨਹੀਂ ਸੀ, ਇਥੋਂ ਤੱਕ ਕਿ ਮਹਾਰਾਣੀ ਮਸਾਕੋ ਨੂੰ ਵੀ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸੀ। ਸਮਾਰੋਹ ਮੌਕੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਦੇ ਮੰਤਰੀ ਮੰਡਲ ਦੀ ਇੱਕੋ ਮਹਿਲਾ ਮੈਂਬਰ ਮੌਜੂਦ ਸੀ।

ਸਮਰਾਟ ਨਾਰੂਹੀਤੋ ਤੇ ਮਹਾਰਾਣੀ ਮਸਾਕੋ 22 ਅਕਤੂਬਰ ਨੂੰ ਰਵਾਇਤੀ ਸ਼ਾਹੀ ਪੁਸ਼ਾਕ ਵਿਚ ਰਾਜਧਾਨੀ ਟੋਕੀਓ ਦਾ ਦੌਰਾ ਕਰਨਗੇ, ਜਿੱਥੇ ਵੱਖ-ਵੱਖ ਦੇਸ਼ਾਂ ਦੇ ਨੇਤਾ ਅਤੇ ਹੋਰ ਲੋਕ ਸ਼ਾਹੀ ਪਰਵਾਰ ਨੂੰ ਵਧਾਈ ਦੇਣਗੇ।ਦੋਵੇਂ ਆਕਸਫੋਰਡ ਯੂਨੀਵਰਸਿਟੀ ਤੋਂ ਪੜ੍ਹੇ ਹੋਏ ਹਨ। ਜਾਪਾਨ ਵਿਚ ਔਰਤਾਂ ਨੂੰ ਰਾਜਗੱਦੀ ਨਹੀਂ ਮਿਲਦੀ। ਇਸ ਲਈ ਸਮਰਾਟ ਨਾਰੂਹੀਤੋ ਦੀ ਬੇਟੀ ਅਕਿਓ (17 ਸਾਲ) ਇਸ ਦੇਸ਼ ਦੀ ਅਗਲੀ ਰਾਜਾਨਹੀਂਬਣ ਸਕੇਗੀ। ਸਮਰਾਟ ਦੇ ਬਾਅਦ ਸੱਤਾ ਦੀ ਵਾਗਡੋਰ ਉਨ੍ਹਾਂ ਦੇ ਭਤੀਜਿਆਂ ਕੋਲ ਹੋਵੇਗੀ।




## ਨੌਜਵਾਨ ਨੂੰ ਕੁੱਟਣ ਕਾਰਨ ਦੋ ਅਕਾਲੀ ਨੇਤਾਵਾਂ ਸਮੇਤ 15 ਖਿਲਾਫ ਕੇਸ ਦਰਜ

ਬਠਿੰਡਾ, 1 ਮਈ (ਪੋਸਟ ਬਿਊਰੋ)- ਜ਼ਿਲੇ ਦੇ ਪਿੰਡ ਖੇਮੂਆਣਾ ਵਿੱਚ ਜਲਸੇ ਦੇ ਦੌਰਾਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੋਂ ਜਦ ਇਕ ਵਿਅਕਤੀ ਨੇ ਸਵਾਲ ਪੁੱਛਣੇ ਚਾਹੇ ਤਾਂ ਓਥੇ ਕੁਝ ਅਕਾਲੀ ਨੇਤਾਵਾਂ ਨੇ ਉਸ ਨੂੰ ਰੋਕ ਲਿਆ। ਮਾਹੌਲ ਖਰਾਬ ਹੁੰਦੇ ਸਾਰ ਕੇਂਦਰੀ ਮੰਤਰੀ ਜਲਸਾ ਵਿਚਾਲੇ ਛੱਡ ਕੇ ਚਲੀ ਗਈ। ਇਸ ਦੇ ਬਾਅਦ ਅਕਾਲੀ ਨੇਤਾ ਅਮਰਜੀਤ ਸਿੰਘ ਤੇ ਬਲਕਾਰ ਸਿੰਘ ਨੇ ਆਪਣੇ ਅਣਪਛਾਤੇ ਸਾਥੀਆਂ ਦੇ ਨਾਲ ਮਿਲ ਕੇ ਸਵਾਲ ਪੁੱਛਣ ਦਾ ਯਤਨ ਕਰ ਰਹੇ ਹਰਜੀਤ ਸਿੰਘ ਨਿਵਾਸੀ ਪਿੰਡ ਖੇਮੂਆਣਾ ਦੇ ਨਾਲ ਕੁੱਟਮਾਰ ਕੀਤੀ ਸੀ।

ਥਾਣਾ ਨੇਹੀਆਂਵਾਲਾ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਹਰਜੀਤ ਸਿੰਘ ਨੇ ਦੱਸਿਆ ਕਿ ਜਦ ਉਹ ਕੇਂਦਰੀ ਮੰਤਰੀ ਬਾਦਲ ਤੋਂ ਕੁਝ ਸਵਾਲ ਪੁੱਛਣਾ ਚਾਹ ਰਹੇ ਸਨ ਤਾਂ ਉਕਤ ਅਕਾਲੀ ਨੇਤਾਵਾਂ ਨੇ ਉਸ ਨੂੰ ਰੋਕ ਲਿਆ। ਕੇਂਦਰੀ ਮੰਤਰੀ ਚਲੀ ਜਾਣ ਦੇ ਬਾਅਦ ਅਕਾਲੀ ਨੇਤਾਵਾਂ ਨੇ ਆਪਣੇ ਪਾਰਟੀ ਵਰਕਰਾਂ ਨਾਲ ਮਿਲ ਕੇ ਉਸ ਦੇ ਨਾਲ ਕੁੱਟਮਾਰ ਕੀਤੀ। ਇਸ ਬਾਰੇ ਥਾਣਾ ਨੇਹੀਆਂਵਾਲਾ ਦੇ ਏ ਐਸ ਆਈ ਪ੍ਰੇਮ ਕੁਮਾਰ ਦਾ ਕਹਿਣਾ ਸੀ ਕਿ ਪੁਲਸ ਨੇ ਪੀੜਤ ਦੀ ਸ਼ਿਕਾਇਤ ਉਤੇ ਅਕਾਲੀ ਨੇਤਾ ਬਲਕਾਰ ਸਿੰਘ ਅਤੇ ਅਮਰਜੀਤ ਸਿੰਘ ਦੇ ਖਿਲਾਫ ਕੁੱਟਮਾਰ ਕਰਨ ਦਾ ਕੇਸ ਦਰਜ ਕਰਕੇ ਉਨ੍ਹਾਂ ਦੀ ਗ੍ਰਿਫਤਾਰੀ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਵਰਨਣ ਯੋਗ ਹੈ ਕਿ ਬੀਤੇ ਐਤਵਾਰ ਜਦ ਹਰਸਿਮਰਤ ਕੌਰ ਬਾਦਲ ਪਿੰਡ ਖੇਮੂਆਣਾ ਵਿੱਚ ਜਲਸੇ ਨੂੰ ਸੰਬੋਧਨ ਕਰ ਰਹੀ ਸੀ ਤਾਂ ਲੋਕਾਂ ਨੇ ਪਿੰਡ ਦੇ ਕੰਮ ਨਾ ਹੋਣ ਬਾਰੇ ਉਸ ਦਾ ਵਿਰੋਧ ਕੀਤਾ। ਇਸ ਦੇ ਇਲਾਵਾ ਗੋਨੀਆਣਾ ਵਿੱਚ ਵੀ ਕੇਂਦਰੀ ਮੰਤਰੀ ਬਾਦਲ ਨੂੰ ਸਿੱਖ ਜਥੇਬੰਦੀਆਂ ਨੇ ਕਾਲੀਆਂ ਝੰਡੀਆਂ ਦਿਖਾਈਆਂ ਸਨ।


















# ਖ਼ਾਲਸਾ ਸਾਜਨਾ-ਦਿਵਸ ਤੇ ਸਿੱਖ ਹੈਰੀਟੇਜ ਮੰਥ ਮਨਾਇਆ



ਬਰੈਂਪਟਨ, (ਡਾ. ਝੰਡ) -ਬੀਤੇ ਦਿਨੀਂ ਇੱਥੋਂ ਦੇ ਐੱਫ਼.ਬੀ.ਆਈ. ਸਕੂਲ ਵਿਚ ਖ਼ਾਲਸਾ ਸਾਜਨਾ ਦਿਵਸ ਤੇ ਬਰੈਂਪਟਨ ਵਿਚ ਅਪ੍ਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਵਜੋਂ ਮਨਾਏ ਜਾਣ ਸਬੰਧੀ ਵਿਸ਼ੇਸ਼ ਸਮਾਗ਼ਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗ਼ਮ ਵਿਚ ਸਕੂਲ ਦੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਬਰੈਂਪਟਨ-ਵਾਸੀਆਂ ਵੱਲੋਂ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ ਗਈ।

ਇਸ ਸਬੰਧੀ ਸਕੂਲ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਸ਼ੁਭ ਆਰੰਭ 11 ਅਪ੍ਰੈਲ ਨੂੰ ਹੋਇਆ ਜਿਸ ਦਾ ਭੋਗ 13 ਅਪ੍ਰੈਲ ਨੂੰ ਪਾਇਆ ਗਿਆ। ਭੋਗ ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਕੀਤਾ ਗਿਆ ਜਿਸ ਨੂੰ ਹਾਜ਼ਰ ਸੰਗਤਾਂ ਵੱਲੋਂ ਖ਼ੂਬ ਮਾਣਿਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਵਿਚ ਸ਼ਾਮਲ ਸੀਮਾ ਗਿੱਲ ਵੱਲੋਂ ਸਕੂਲ ਵੱਲੋਂ ਕੀਤੇ ਜਾ ਰਹੇ ਉਪਯੋਗੀ ਕੰਮਾਂ ਦੀ ਭਰਪੂਰ ਸਰਾਹਨਾ ਕੀਤੀ ਗਈ।

ਉਪਰੰਤ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋਫ਼ੈਸਰ ਤੇ ਉੱਘੇ ਵਿਦਵਾਨ ਡਾ. ਸੁਖਦੇਵ ਸਿੰਘ ਜੋ ਉੱਥੇ ਬਾਇਆਲੋਜੀ ਦੇ ਪ੍ਰੋਫ਼ੈਸਰ ਵਜੋਂ ਬਾਖ਼ੂਬੀ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਇਸ ਦੇ ਨਾਲ ਹੀ ਗੁਰਬਾਣੀ ਬਾਰੇ ਵੀ ਚੋਖੀ ਵਾਕਫ਼ੀਅਤ ਰੱਖਦੇ ਹਨ, ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆ ਤੇ ਹਾਜ਼ਰ ਵਿਅੱਕਤੀਆਂ ਨੂੰ 1699 ਦੀ ਇਤਿਹਾਸਕ ਵਿਸਾਖੀ ਜਿਸ ਨੂੰ ਸਿੱਖ ਇਤਿਹਾਸ ਵਿਚ 'ਖਾਲਸਾ ਸਾਜਨਾ-ਦਿਵਸ' ਵਜੋਂ ਯਾਦ ਕੀਤਾ ਜਾਂਦਾ ਹੈ, ਦੇ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਬਰੈਂਪਟਨ ਅਤੇ ਕੈਨੇਡਾ ਦੇ ਹੋਰ ਕਈ ਸ਼ਹਿਰਾਂ ਵਿਚ ਅਪ੍ਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਵਜੋਂ ਮਨਾਏ ਜਾਣ ਦੀ ਮਹੱਤਤਾ ਅਤੇ ਐੱਫ਼.ਬੀ.ਆਈ. ਸਕੂਲ ਦੇ ਬਹੁ-ਪੱਖੀ ਵਿਸਥਾਰ ਬਾਰੇ ਵੀ ਹਾਜ਼ਰੀਨ ਨੂੰ ਭਰਪੂਰ ਜਾਣਕਾਰੀ ਦਿੱਤੀ। ਇਸ ਦੌਰਾਨ 'ਏਸ਼ੀਅਨ ਕਮਿਊਇਨੀਕੇਸ਼ਨਜ਼ ਰੇਡੀਓ' ਦੀ ਹੋਸਟ ਸੋਨਮ ਅਰੋੜਾ ਵੱਲੋਂ ਸਕੂਲ ਵੱਲੋਂ ਕੀਤੇ ਜਾ ਰਹੇ ਕਮਿਊਨਿਟੀ ਕਾਰਜਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ।

ਵਰਨਣਯੋਗ ਹੈ ਕਿ ਗੁਰਬਾਣੀ ਦੇ ਅਖੰਡ ਪਾਠ ਦੌਰਾਨ ਤਿੰਨੇ ਦਿਨ ਵਿਦਿਆਰਥੀਆਂ ਵੱਲੋਂ ਹਰ ਤਰ੍ਹਾਂ ਸੇਵਾ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਨਿਭਾਈ ਗਈ, ਭਾਵੇਂ ਇਹ ਆਈਆਂ ਸੰਗਤਾਂ ਦੇ ਜੋੜੇ ਝਾੜਨ ਤੇ ਇਨ੍ਹਾਂ ਸਲੀਕੇ ਨਾਲ ਸੰਭਾਲਣ ਦੀ ਸੀ, ਜਾਂ ਉਨ੍ਹਾਂ ਨੂੰ ਆਦਰ ਤੇ ਸਤਿਕਾਰ ਸਹਿਤ ਲੰਗਰ ਛਕਾਉਣ ਦੀ ਸੀ। ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਤਿੰਨੇ ਹੀ ਦਿਨ ਚਾਹ ਤੇ ਭੋਜਨ ਦੇ ਲੰਗਰ ਦਾ ਪ੍ਰਵਾਹ ਨਿਰੰਤਰ ਚੱਲਦਾ ਰਿਹਾ ਜਿਸ ਦੀ ਸੰਗਤਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਇੱਥੇ ਇਹ ਜ਼ਿਕਰਯੋਗ ਹੈ ਕਿ ਖ਼ਾਲਸਾ ਸਾਜਨਾ ਦਿਵਸ ਹਰ ਸਾਲ ਐੱਫ਼.ਬੀ.ਆਈ. ਸਕੂਲ ਅਤੇ ਇਸ ਦੀ ਬਾਨੀ ਸੰਸਥਾ ਗੁਰੂ ਤੇਗ਼ ਬਹਾਦਰ ਸਕੂਲ ਵੱਲੋਂ ਮਿਲ ਕੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਹੋਰ ਗੁਰ-ਪੁਰਬ ਵੀ ਪੂਰੀ ਸ਼ਰਧਾ ਨਾਲ ਮਨਾਏ ਜਾਂਦੇ ਹਨ। ਦੋਹਾਂ ਸਕੂਲਾਂ ਵਿਚ ਸਾਰੇ ਹੀ ਧਰਮਾਂ ਅਤੇ ਕਮਿਊਨਿਟੀਆਂ ਦੇ ਤਿਓਹਾਰ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਮਿਲ ਕੇ ਪੂਰੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ।

ਭਾਵੇਂ ਵਿਸਾਖੀ ਦਾ ਤਿਓਹਾਰ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਦੀ ਪਾਰਲੀਮੈਂਟ ਵਿਚ ਵੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਪਰ ਅਪ੍ਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਵਜੋਂ ਸੱਭ ਤੋਂ ਪਹਿਲਾਂ ਅਪ੍ਰੈਲ 2014 ਵਿਚ ਬਰੈਂਪਟਨ ਵਿਚ ਹੀ ਮਨਾਇਆ ਗਿਆ ਅਤੇ ਇਸ ਸਾਲ 2019 ਵਿਚ ਅਪ੍ਰੈਲ ਮਹੀਨੇ ਦੌਰਾਨ ਬਰੈਂਪਟਨ ਵਿਚ 'ਪੰਜਵੇਂ ਸਿੱਖ ਹੈਰੀਟੇਜ ਮੰਥ' ਨਾਲ ਸਬੰਧਿਤ ਕਈ ਸਮਾਗ਼ਮ ਕੀਤੇ ਗਏ ਹਨ। ਬੇਸ਼ਕ, ਕੈਨੇਡਾ ਦੇ ਹੋਰ ਕਈ ਸ਼ਹਿਰਾਂ ਸਰੀ, ਕੈਲੇਗਰੀ ਆਦਿ ਵਿਚ ਵੀ ਹੁਣ 'ਸਿੱਖ ਹੈਰੀਟੇਜ ਮੰਥ' ਮਨਾਉਣ ਦੀ ਪ੍ਰੰਪਰਾ ਸ਼ੁਰੂ ਹੋ ਗਈ ਹੈ ਪਰ ਇਸ ਦੀ ਸ਼ੁਭ ਸ਼ੁਰੂਆਤ ਕਰਨ ਦਾ ਸਿਹਰਾ ਬਰੈਂਪਟਨ ਨੂੰ ਹੀ ਜਾਂਦਾ ਹੈ।

# ਸ਼ਹੀਦਾਂ ਦੀ ਯਾਦ 'ਚ ਹੋਇਆ ਐੱਫ਼.ਬੀ.ਆਈ. ਸਕੂਲ 'ਚ ਸਮਾਗ਼ਮ

## ਸ਼ਹੀਦਾਂ ਦੇ ਜੀਵਨ 'ਤੇ ਉਨ੍ਹਾਂ ਦੀਆਂ ਗਤੀਵਿਧੀਆਂ ਸਬੰਧੀ ਕੁਇਜ਼, ਭਾਸ਼ਣ-ਮੁਕਾਬਲੇ ਤੇ ਗੀਤ-ਸੰਗੀਤ ਦੇ ਪ੍ਰੋਗਰਾਮ ਹੋਏ



ਬਰੈਂਪਟਨ, (ਡਾ. ਝੰਡ) -ਬੀਤੇ ਦਿਨੀਂ ਐੱਫ਼ ਬੀ.ਆਈ. ਸਕੂਲ ਅਤੇ ਤਰਕਸ਼ੀਲ ਸੋਸਾਇਟੀ ਆਫ਼ ਨਾਰਥ ਅਮੈਰਿਕਾ ਦੇ ਰਲਵੇਂ-ਮਿਲਵੇਂ ਸਹਿਯੋਗ ਨਾਲ ਇਸ ਸਕੂਲ ਵਿਚ ਸ਼ਹੀਦ ਭਗਤ ਸਿੰਘ, ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਅਤੇ ਹੋਰ ਕੌਮੀ ਪ੍ਰਵਾਨਿਆਂ ਦੀਆਂ ਭਾਰਤ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਲਈ ਕੀਤੀਆਂ ਗਈਆਂ ਲਾਸਾਨੀ ਕੁਰਬਾਨੀਆਂ ਨੂੰ ਤਾਜ਼ਾ ਕਰਦਿਆਂ ਹੋਇਆਂ ਇਕ ਦਿਲਚਸਪ ਤੇ ਜਾਣਕਾਰੀ ਭਰਪੂਰ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸਕੂਲ ਦੇ ਵਿਸ਼ਾਲ ਮਲਟੀ-ਪਰਪਜ਼ ਆਡੀਟੋਰੀਅਮ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਬਰੈਂਪਟਨ-ਵਾਸੀਆਂ ਨੇ ਹਾਜ਼ਰ ਹੋ ਕੇ ਇਸ ਪ੍ਰੋਗਰਾਮ ਦਾ ਲੁਤਫ਼ ਉਠਾਇਆ।

ਸੱਭ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਤੇ ਹੋਰ ਦੇਸ਼ ਭਗਤਾਂ ਅਤੇ ਵਿਗਿਆਨੀਆਂ ਸਬੰਧੀ ਪ੍ਰਸ਼ਨੋਤਰੀ ('ਕੁਇਜ਼') ਦਾ ਆਯੋਜਨ ਕੀਤਾ ਗਿਆ। ਉਪਰੰਤ, ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਤੇ ਨੈਲਸਨ ਮੰਡੇਲਾ ਦੇ ਜੀਵਨ ਅਤੇ ਉਨ੍ਹਾਂ ਦੀਆਂ ਗ਼ਤੀਵਿਧੀਆਂ ਸਬੰਧੀ ਭਾਸ਼ਨ-ਮੁਕਾ-ਬਲੇ ਕਰਵਾਏ ਗਏ। ਇਨ੍ਹਾਂ ਦੋਹਾਂ ਈਵੈਂਟਸ ਵਿਚ 70 ਤੋਂ ਵਧੇਰੇ ਵਿਦਿਆਥੀਆਂ ਨੇ ਭਾਗ ਲਿਆ ਅਤੇ ਜੇਤੂ ਵਿਦਿਆਰਥੀਆਂ ਨੂੰ ਪ੍ਰਬੰਧਕਾਂ ਵੱਲੋਂ ਨਕਦ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ। ਇਨ੍ਹਾਂ ਵਿਚ ਪਹਿਲਾ ਇਨਾਮ 200 ਡਾਲਰ, ਦੂਸਰਾ, 175 ਡਾਲਰ ਅਤੇ ਤੀਸਰਾ 150 ਡਾਲਰ ਦਾ ਸੀ। ਜੇਤੂਆਂ ਵਿਚ ਲੀਸ਼ਾ ਖਹਿਰਾ ਨੇ ਪਹਿਲਾ, ਦਇਆ ਧਾਲੀਵਾਲ ਨੇ ਦੂਸਰਾ ਅਤੇ ਖ਼ੁਸ਼ਮਨ ਸਿੰਘ ਸੋਹੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਇਸ ਦੌਰਾਨ ਜੱਜਾਂ ਵਿਚ ਸਕੂਲ ਦੀ ਵਾਈਸ-ਪ੍ਰਿੰਸੀਪਲ ਨੀਲੋਫ਼ਰ ਧਵਨ, ਡਾ. ਬਲਜਿੰਦਰ ਸੇਖੋਂ ਤੇ ਤਰਕਸ਼ੀਲ ਆਗੂ ਬਲਰਾਜ ਸ਼ੌਕਰ ਸ਼ਾਮਲ ਸਨ। ਇਨਾਮ ਵੰਡਣ ਦੀ ਰਸਮ ਬਲਵਿੰਦਰ ਸਿੰਘ ਬਰਨਾਲਾ, ਡਾ. ਵਰਿਆਮ ਸਿੰਘ ਸੰਧੂ, ਡਾ. ਬਲਜਿੰਦਰ ਸੇਖੋਂ, ਅੰਮ੍ਰਿਤ ਢਿੱਲੋਂ, ਬਲਦੇਵ ਰਹਿਪਾ, ਪ੍ਰਿੰਸੀਪਲ ਸੰਜੀਵ ਧਵਨ ਤੇ ਵਾਈਸ ਪ੍ਰਿੰਸੀਪਲ ਨੀਲੋਫ਼ਰ ਧਵਨ ਵੱਲੋਂ ਮਿਲ ਕੇ ਨਿਭਾਈ ਗਈ। ਮੰਚ-ਸੰਚਾਲਨ ਦਾ ਅਹਿਮ ਕਾਰਜ ਸਕੂਲ ਦੇ ਵਿਦਿਆਰਥੀਆਂ ਰੌਨਕ ਅਰੋੜਾ, ਨਵਨੀਤ ਕੌਰ, ਰਿਦਮ ਚਾਹਲ, ਨਵਰੂਪ ਤੇ ਸਹਿਜ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

ਚੱਲ ਰਹੇ ਸਮਾਗ਼ਮ ਦੌਰਾਨ ਭਾਰਤ ਤੋਂ ਆਏ ਤਰਕਸ਼ੀਲ ਸੋਸਾਇਟੀ ਦੇ ਕੌਮੀ ਪ੍ਰਧਾਨ ਬਲਵਿੰਦਰ ਸਿੰਘ ਬਰਨਾਲਾ, ਉੱਘੇ-ਲੇਖਕ ਡਾ. ਵਰਿਆਮ ਸਿੰਘ ਸੰਧੂ, ਤਰਕਸ਼ੀਲ ਸੋਸਾਇਟੀ ਆਫ਼ ਨੌਰਥ ਅਮੈਰਿਕਾ ਦੇ ਪ੍ਰਧਾਨ ਬਲਦੇਵ ਸਿੰਘ ਰਹਿਪਾ, ਅੰਮ੍ਰਿਤ ਢਿੱਲੋਂ ਤੇ ਪ੍ਰਿੰ. ਸੰਜੀਵ ਧਵਨ ਨੇ ਇਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ ਹੋਇਆਂ ਉਨ੍ਹਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਗਏ ਮਹਾਨ ਕਾਰਨਾਮਿਆਂ ਨੂੰ ਬਾਖ਼ੂਬੀ ਬਿਆਨ ਕੀਤਾ ਗਿਆ ਅਤੇ ਵਿਦਿਆਰਥੀਆਂ ਤੇ ਹੋਰ ਹਾਜ਼ਰ ਵਿਅੱਕਤੀਆਂ ਦੀ ਜਾਣਕਾਰੀ ਵਿਚ ਚੋਖਾ ਵਾਧਾ ਕੀਤਾ ਗਿਆ। ਕਲਚਰਲ ਪ੍ਰੋਗਰਾਮ ਵਿਚ ਦੇਸ਼ ਭਗਤੀ ਦੇ ਗੀਤ 'ਮੇਰਾ ਵੀਰ ਭਗਤ ਸਿੰਘ ਸ਼ੇਰ ਵੇ', ਡਾਂਸ 'ਮੇਰਾ ਰੰਗ ਦੇ ਬਸੰਤੀ ਚੋਲਾ', ਸ਼ਹੀਦ ਭਗਤ ਸਿੰਘ ਦੀ ਭੈਣ ਦੀ ਆਪਣੇ ਵੀਰ ਪ੍ਰਤੀ ਪਿਆਰ ਦਰਸਾਉਂਦੀ ਆਈਟਮ, ਗਿੱਧੇ ਦੀ ਪ੍ਰਫ਼ਾਰਮੈਂਸ ਅਤੇ ਭੰਗੜੇ ਦਾ ਵਧੀਆ ਯੋਗਦਾਨ ਰਿਹਾ।

ਇਸ ਮੌਕੇ ਅੰਮ੍ਰਿਤ ਢਿੱਲੋਂ ਵੱਲੋਂ ਸ਼ਹੀਦ ਭਗਤ ਸਿੰਘ ਦੀਆਂ ਫ਼ਰੇਮ ਕੀਤੀਆਂ ਹੋਈਆਂ 80 ਫ਼ੋਟੋਆਂ ਸਕੂਲ ਦੇ ਵਿਦਿਆਰਥੀਆਂ ਨੂੰ ਵੰਡੀਆਂ ਗਈਆਂ। ਤਰਕਸ਼ੀਲ ਸੋਸਾਇਟੀ ਆਫ਼ ਨੌਰਥ ਅਮੈਰਿਕਾ ਵੱਲੋਂ ਵਿਦਿਆਰਥੀਆਂ ਨੂੰ ਮੈਡਲ ਦਿੱਤੇ ਗਏ ਅਤੇ ਸਕੂਲ ਨੂੰ ਮਾਇਆ ਵੀ ਭੇਂਟ ਕੀਤੀ ਗਈ। ਸਕੂਲ ਦੀ ਅਧਿਆਪਕਾ ਵਿਸਮ ਨੇ ਸ਼ਹੀਦ ਭਗਤ ਸਿੰਘ ਦੀ ਬਣਾਈ ਹੋਈ ਖ਼ੂਬਸੂਰਤ ਤਸਵੀਰ ਅੰਮ੍ਰਿਤ ਢਿੱਲੋਂ ਭੇਂਟ ਕੀਤੀ ਅਤੇ ਗਰੇਡ-10 ਦੇ ਵਿਦਿਆਰਥੀ ਨਵਰੂਪ ਵੱਲੋਂ ਤਿਆਰ ਕੀਤੀ ਗਈ ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਨੂੰ ਦਰਸਾਉਂਦੀ ਖ਼ੂਬਸੂਰਤ ਤਸਵੀਰ ਤਰਕਸ਼ੀਲ ਸੋਸਾਇਟੀ ਆਫ਼ ਅਮੈਰਿਕਾ ਨੂੰ ਭੇਂਟ ਕੀਤੀ ਜੋ ਇਸ ਦੇ ਪ੍ਰਧਾਨ ਬਲਦੇਵ ਸਿੰਘ ਰਹਿਪਾ ਵੱਲੋਂ ਮੁੜ ਸਕੂਲ ਨੂੰ ਮੁੜ ਦੇ ਦਿੱਤੀ ਗਈ। ਇਸ ਤਰ੍ਹਾਂ ਇਹ ਸ਼ਹੀਦੀ ਸਮਾਗ਼ਮ ਇਕ ਯਾਦਗਾਰੀ ਸਮਾਗ਼ਮ ਹੋ ਨਿਬੜਿਆ।

# ਸ੍ਰੀ ਹਰਮੰਦਰ ਸਾਹਿਬ ਨੂੰ 'ਸੁਨਹਿਰੀ ਮੰਦਰ' ਲਿਖਣ ਉਤੇ ਸ਼੍ਰੋਮਣੀ ਕਮੇਟੀ ਨੂੰ ਇਤਰਾਜ਼




ਅੰਮ੍ਰਿਤਸਰ, 1 ਮਈ (ਪੋਸਟ ਬਿਊਰੋ)- ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਸ਼ਹਿਰ ਦੇ ਬਾਈਪਾਸ ਉਤੇ ਲਾਏ ਗਏ ਸੂਚਕ ਬੋਰਡ ਉੱਤੇ ਸ੍ਰੀ ਹਰਿਮੰਦਰ ਸਾਹਿਬ ਦਾ ਰਸਤਾ ਦਰਸਾਉਣ ਲਈ 'ਸੁਨਹਿਰੀ ਮੰਦਰ' ਲਿਖੇ ਜਾਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਨੋਟਿਸ ਲਿਆ ਹੈ। ਕਮੇਟੀ ਦੇ ਚੀਫ ਸੈਕਟਰੀ ਡਾ. ਰੂਪ ਸਿੰਘ ਨੇ ਇਸ ਉੱਤੇ ਇਤਰਾਜ਼ ਕਰਦੇ ਹੋਏ ਕਿਹਾ ਕਿ ਹਰਿਮੰਦਰ ਸਾਹਿਬ ਸਿੱਖ ਧਰਮ ਦਾ ਕੇਂਦਰੀ ਧਾਰਮਿਕ ਅਸਥਾਨ ਹੈ ਤੇ ਇਸ ਨੂੰ 'ਸੋਨ ਮੰਦਰ' ਵਜੋਂ ਪੇਸ਼ ਕਰਨਾ ਸਿੱਖ ਵਿਚਾਰਧਾਰਾ, ਸਿਧਾਂਤਾਂ, ਰਵਾਇਤਾਂ, ਇਤਿਹਾਸ ਤੇ ਰਵਾਇਤਾਂ ਦੇ ਬਿਲਕੁਲ ਉਲਟ ਹੈ।

ਡਾ. ਰੂਪ ਸਿੰਘ ਨੇ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਦੀ ਇਸ ਗਲਤੀ ਕਾਰਨ ਸਿੱਖਾਂ ਵਿੱਚ ਰੋਸ ਹੈ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਕੋਈ ਮੰਦਰ ਨਹੀਂ ਹੈ, ਸਭ ਨੂੰ ਇਹ ਜਾਣਕਾਰੀ ਹੈ ਕਿ ਇਹ ਅਸਥਾਨ ਹਰਿ-ਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਤਾਂ ਪੰਜਾਬ ਅਤੇ ਖਾਸਕਰ ਅੰਮ੍ਰਿਤਸਰ ਸ਼ਹਿਰ ਵਿੱਚ ਇਸ ਅਸਥਾਨ ਦੇ ਨਾਂ ਨੂੰ ਵਿਗਾੜ ਕੇ ਪੇਸ਼ ਕਰਨਾ ਕੋਈ ਡੂੰਘੀ ਸਾਜ਼ਿਸ਼ ਲੱਗਦਾ ਹੈ। ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗ ਨੂੰ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਇਹ ਬੋਰਡ ਬਦਲਣ ਲਈ ਨੈਸ਼ਨਲ ਹਾਈਵੇ ਅਥਾਰਟੀ ਦੇ ਪ੍ਰਾਜੈਕਟ ਡਾਇਰੈਕਟਰ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਲਿਖਿਆ ਹੈ। ਡਾ. ਰੂਪ ਸਿੰਘ ਨੇ ਕਿਹਾ ਕਿ ਭਾਰਤ ਤੇ ਪੰਜਾਬ ਸਰਕਾਰ ਦੇ ਵਿਭਾਗ ਅਜਿਹੇ ਬੋਰਡ ਲਾਉਣ ਸਮੇਂ ਸ਼੍ਰੋਮਣੀ ਕਮੇਟੀ ਨਾਲ ਅਗਾਊਂ ਸੰਪਰਕ ਰੱਖਣ। ਹਰਿਮੰਦਰ ਸਾਹਿਬ ਨੂੰ ਸੁਨਹਿਰੀ ਮੰਦਰ ਦੱਸਦਾ ਇਹ ਬੋਰਡ ਮਜੀਠਾ ਰੋਡ ਬਾਈਪਾਸ 'ਤੇ ਲੱਗਾ ਹੋਇਆ ਹੈ।


TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

FREE CONSULTATION:
905-415-6999
30 Wertheim court, Unit 11, Richmond Hill



ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

ੴ ਸਤਿਗੁਰ ਪ੍ਰਸਾਦਿ ॥

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਦਿਹਾੜੇ ਅਤੇ ਖਾਲਸੇ ਦੇ 320ਵੇਂ ਸਾਜਨਾ ਦਿਵਸ ਨੂੰ ਸਮਰਪਿਤ

ਓਨਟੇਰਿਓ ਗੁਰਦੁਆਰਾਜ਼ ਕਮੇਟੀ ਵਲੋਂ

# ਮਹਾਨ ਨਗਰ ਕੀਰਤਨ

ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ

## 5 ਮਈ ਐਤਵਾਰ




ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ 5 ਮਈ ਦਿਨ ਐਤਵਾਰ ਸਵੇਰੇ 8:00 ਵਜੇ ਤੋਂ 12:00 ਵਜੇ ਤੱਕ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ ਸਜਣਗੇ. ਦੁਪਹਿਰ ਦੇ 12:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਸ਼ਾਨੋ-ਸ਼ੌਕਤ ਨਾਲ ਨਗਰ ਕੀਰਤਨ ਮੌਰਨਿੰਗਸਟਾਰ ਤੋਂ ਹੁੰਦਾ ਹੋਇਆ ਹੰਬਰਵੁਡ ਤੋਂ ਹੰਬਰਲਾਈਨ ਤੋਂ ਫਿੰਚ ਐਵੇਨਿਊ ਤੋਂ ਵੈਸਟਮੋਰ ਡਰਾਈਵ ਤੋਂ ਹੋ ਕੇ ਸਿੱਖ ਸਪਿਰਚੁਅਲ ਸੈਂਟਰ ਰੈਕਸਡੇਲ ਗੁਰਦੁਆਰਾ ਸਾਹਿਬ ਪਹੁੰਚਣਗੇ.



**Dhadi Darbar**
Saturday at Rexdale
7:00 to 9:00 pm

**Buses Pick Up and Drop off Route**

- Humber College
- Oakville Gurdwara Sahib
- Mississauga Gurdwara Sahib
- Golden Grocery (Charles Blvd.)
- Nanaksar Gurdwara Sahib (Mclaughlin Rd)
- Dashmesh Darbar Sahib (Gore Road Plaza)
- Dixie & Peter Robertson (Guru Nanak Mission)
- Fortino Plaza (Mountainash & Bovaird)
- Brampton Gurdwara Sahib (Glidden Road)
- Brampton Gurdwara Sahib (Regan Road)
- Rexdale to Malton Gurdwara Sahib
- Malton to Rexdale Gurdwara Sahib
- Gurdwara Jot Parkash (Williams Pkwy.)
- Guru Ravidas Sabha Burlington
- Oshwa Gurudwara Sahib

**ਜ਼ਰੂਰੀ ਸੂਚਨਾ**

- ਸਿਟੀ ਦੇ ਨਵੇਂ ਨਿਯਮਾਂ ਅਨੁਸਾਰ ਨਗਰ ਕੀਰਤਨ ਜਾਂ ਰਸਤੇ ਵਿਚ ਲੰਗਰ ਲਾਉਣ ਸੰਬੰਧੀ ਪਰਮਿਟ ਲੈਣ ਲਈ ਗੁਰਦੁਆਰਾ ਕਮੇਟੀ ਨਾਲ ਸੰਪਰਕ ਕਰੋ
- ਏਅਰਪੋਰਟ ਰੋਡ ਤੋਂ ਗੋਰਵੇ ਡਰਾਈਵ ਤੱਕ ਕੇਵਲ ਪਾਣੀ ਅਤੇ ਕੋਲਡ ਡਰਿੰਕਸ ਹੀ ਵਰਤਾਏ ਜਾਣ
- ਸੇਫਟੀ ਨੂੰ ਮੁੱਖ ਰੱਖਦੇ ਹੋਏ ਕੋਈ ਵੀ ਗੈਸ ਵਾਲੇ ਗੁਬਾਰੇ ਨਾ ਵਰਤੇ ਜਾਣ
- ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਰੀਸਾਈਕਲ ਬੈਗ ਵਿਚ ਹੀ ਪਾਈਆਂ ਜਾਣ
- ਵਾਤਾਵਰਣ ਦਾ ਧਿਆਨ ਰਖਦੇ ਹੋਏ ਫੋਮ ਦੀ ਬਜਾਏ ਕਾਗਜ਼ ਦੇ ਬਰਤਨਾਂ ਦਾ ਇਸਤੇਮਾਲ ਕੀਤਾ ਜਾਵੇ

ਸਮੂਹ ਸੰਗਤ ਨੂੰ ਕੇਸਰੀ ਦਸਤਾਰਾਂ ਸਜਾ ਕੇ ਅਤੇ ਕੇਸਰੀ ਦੁਪੱਟੇ ਲੈ ਕੇ ਆਉਣ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ.




For more information contact:
**Sikh Spiritual Centre, Toronto**
**416-746-6666**
**Sri Guru Singh Sabha, Malton**
**905-671-1662**

Avtar Singh Vanvait 647-702-4070
Charanjit Singh 519-572-0802
Sulinder Singh 416-565-2964
Gurmail Singh Nirman 416-997-3631
Prempal Singh Hamilton 905-905-2310
Inderjit Singh 289-752-7173
Major Singh 416-858-8011
Harvinderpal Singh Ruby 647-629-4041

**Amarjit Singh Mann** 647-822-3608
**Jagtarn Singh Sekhon** 416-566-3111

## ਜ਼ੀਰਾ ਨੇੜੇ ਸੜਕ ਹਾਦਸੇ 'ਚ ਚਾਰ ਮੌਤਾਂ, ਦੋ ਗੰਭੀਰ ਜ਼ਖਮੀ

ਜ਼ੀਰਾ, 1 ਮਈ (ਪੋਸਟ ਬਿਊਰੋ)- ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ ਉੱਤੇ ਜ਼ੀਰਾ ਨੇੜੇ ਤੂੜੀ ਵਾਲੀ ਮਸ਼ੀਨ ਅਤੇ ਟਰਾਲੇ ਦੀ ਟੱਕਰ ਵਿੱਚ ਚਾਰ ਜਣਿਆਂ ਦੀ ਮੌਤ ਹੋ ਗਈ ਅਤੇ ਦੋ ਵਿਅਕਤੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਹਰਜਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਬੂਈਆਂ ਵਾਲਾ ਤਹਿਸੀਲ ਜ਼ੀਰਾ ਜ਼ਿਲਾ ਫਿਰੋਜ਼ਪੁਰ, ਜੋ ਤੂੜੀ ਵਾਲੀ ਮਸ਼ੀਨ ਉਤੇ ਪੰਜ ਮਜ਼ੂਦਰਾਂ ਨਾਲ ਮਸ਼ੀਨ 'ਤੇ ਕੰਮ ਕਰਦੇ ਸਨ, ਨੂੰ ਲੈ ਕੇ ਮਾਝੇ ਵਿੱਚ ਤੂੜੀ ਬਣਾਉਣ ਜਾ ਰਹੇ ਸਨ। ਦੇਰ ਰਾਤ ਜ਼ੀਰਾ ਤੋਂ ਮਖੂ ਰੋਡ 'ਤੇ ਨਹਿਰ ਕੋਲ ਪੁੱਜੇ ਤਾਂ ਪਿੱਛੋਂ ਆਏ ਇਕ ਤੇਜ਼ ਰਫਤਾਰ ਟਰਾਲਾ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਤੂੜੀ ਵਾਲੀ ਮਸ਼ੀਨ ਪਲਟ ਗਈ, ਜਿਸ 'ਤੇ ਸਵਾਰ ਹਰਪਿੰਦਰ ਸਿੰਘ ਪੁੱਤਰ ਅਜੀਤ ਸਿੰਘ, ਇਕਬਾਲ ਸਿੰਘ ਪੁੱਤਰ ਬੋਹੜ ਸਿੰਘ, ਲਖਵਿੰਦਰ ਸਿੰਘ ਪੁੱਤਰ ਸ਼ਿੰਦਾ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਹਰਜਿੰਦਰ ਸਿੰਘ ਪੁੱਤਰ ਦਲੀਪ ਸਿੰਘ ਸਾਰੇ ਵਾਸੀ ਪਿੰਡ ਬੂਈਆਂ ਵਾਲਾ ਦੀ ਹਸਪਤਾਲ ਜਾਂਦੇ ਸਮੇਂ ਮੌਤ ਹੋ ਗਈ ਤੇ ਦੋ ਜਣੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਜ਼ੀਰਾ ਪੁਲਸ ਨੇ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ।

## ਸੰਨੀ ਦਿਓਲ ਦੀ ਨਾਮਜ਼ਦਗੀ ਮੌਕੇ ਸੁਖਬੀਰ ਸਿੰਘ ਬਾਦਲ ਦੀ ਗੈਰ ਹਾਜ਼ਰੀ ਚਰਚਾ ਦਾ ਮੁੱਦਾ ਬਣੀ

ਪਠਾਨਕੋਟ, 1 ਮਈ (ਪੋਸਟ ਬਿਊਰੋ)- ਗੁਰਦਾਸਪੁਰ ਲੋਕ ਸਭਾ ਹਲਕੇ ਵਿੱਚ ਨਾਮਜ਼ਦਗੀ ਮੌਕੇ ਬਾਲੀਵੁੱਡ ਅਭਿਨੇਤਾ ਤੇ ਭਾਜਪਾ ਉਮੀਦਵਾਰ ਸੰਨੀ ਦਿਓਲ ਦੇ ਲਈ ਧੜੱਲੇਦਾਰ ਆਮਦ ਦਾ ਐਲਾਨ ਕੀਤਾ ਗਿਆ ਸੀ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ ਉੱਤੇ ਓਥੇ ਹਾਜ਼ਰ ਹੋਣਗੇ, ਪਰ ਉਹ ਆਏ ਹੀ ਨਹੀਂ।


ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਸੰਨੀ ਦਿਓਲ ਦੇ ਨਾਲ ਮੌਜੂਦ ਉਨ੍ਹਾਂ ਦੇ ਭਰਾ ਬੌਬੀ ਦਿਓਲ ਤੇ ਹੋਰ।

ਵਰਨਣ ਯੋਗ ਹੈ ਕਿ ਇਸ ਪਾਰਲੀਮੈਂਟ ਹਲਕੇ ਦੇ 9 ਅਸੈਂਬਲੀ ਹਲਕਿਆਂ ਵਿੱਚੋਂ 5 ਹਲਕੇ ਅਕਾਲੀ ਦਲ ਦੇ ਕੋਟੇ ਵਿੱਚ ਹਨ ਅਤੇ ਪਿਛਲੀਆਂ ਉੱਪ ਚੋਣਾਂ ਵਿੱਚ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਨੇ ਅਕਾਲੀ ਦਲ ਨੂੰ ਹਾਸ਼ੀਏ ਵਿੱਚ ਧੱਕ ਕੇ ਇਕ ਲੱਖ 93 ਹਜ਼ਾਰ ਵੋਟਾਂ ਦੀ ਲੀਡ ਨਾਲ ਸੁਨੀਲ ਜਾਖੜ ਨੂੰ 80 ਫੀਸਦੀ ਲੀਡ ਇਨ੍ਹਾਂ ਹਲਕਿਆਂ ਤੋਂ ਦਿਵਾਈ ਸੀ। ਅਕਾਲੀ ਦਲ ਦੀ ਇਸ ਅਣਕਿਆਸੀ ਹਾਰ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਨੂੰ ਇਨ੍ਹਾਂ ਖੇਤਰਾਂ ਵਿੱਚ ਮੁੜ ਕੇ ਪੈਰਾਂ ਉੱਤੇ ਖੜਾ ਕਰਨ ਦਾ ਯਤਨ ਕੀਤਾ ਸੀ, ਪਰ ਇਸ ਵਾਰੀ ਜਦੋਂ ਉਹ ਇਸ ਚੋਣ ਰੈਲੀ ਵਿੱਚ ਹਿੱਸਾ ਲੈਣ ਨਹੀਂ ਆਏ, ਇਸ ਨਾਲ ਅਕਾਲੀਆਂ ਦਾ ਠੰਢੇ ਪੈਣਾ ਸੁਭਾਵਕ ਸੀ। ਰੈਲੀ ਦਾ ਵੱਡਾ ਖਰਚਾ ਹੁੰਦਾ ਹੈ, ਜਿਸ ਵਿੱਚ ਲੋਕਾਂ ਨੂੰ ਵਾਹਨਾਂ ਦਾ ਕਾਫਲਾ ਦੇਣਾ, ਉਨ੍ਹਾਂ ਦੇ ਲੰਚ ਆਦਿ ਤੇ ਰੈਲੀ ਦਾ ਪ੍ਰਬੰਧ ਕਰਨਾ ਹੁੰਦਾ ਹੈ। ਭਾਜਪਾ ਲਈ ਅਕਾਲੀ ਦਲ ਦੇ ਹਲਕਿਆਂ ਵਿੱਚ ਖਰਚਾ ਕਰਨਾ ਚੁਣੌਤੀ ਪੂਰਨ ਹੈ, ਕਿਉਂਕਿ ਪਿਛਲੀ ਵਾਰ ਭਾਜਪਾ ਉਮੀਦਵਾਰ ਸਵਰਨ ਸਲਾਰੀਆ ਨੇ ਇਹ ਜ਼ਿੰਮਾ ਆਪਣੇ ਸਿਰ ਲੈ ਲਿਆ ਸੀ ਅਤੇ ਉਨ੍ਹਾਂ ਦੇ ਅਕਾਲੀਆਂ ਨਾਲ ਚੰਗੇ ਸਬੰਧ ਸਨ। ਇਸ ਵਾਰੀ ਸਨੀ ਦਿਓਲ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਰੈਲੀ ਵਿੱਚ ਨਾ ਆਉਣ ਨਾਲ ਦੋ ਸੰਦੇਸ਼ ਗਏ ਹਨ। ਇਕ ਇਹ ਕਿ ਰੈਲੀ ਪੂਰੀ ਤਰ੍ਹਾਂ ਯੋਜਨਾਬੱਧ ਢੰਗ ਨਾਲ ਸਿਰੇ ਨਹੀਂ ਚੜ੍ਹਾਈ ਗਈ ਤੇ ਭਾਜਪਾ ਹਾਈ ਕਮਾਨ ਸੁਖਬੀਰ ਸਿੰਘ ਬਾਦਲ ਨੂੰ ਰੈਲੀ ਵਿੱਚ ਲਿਆਉਣ ਵਿੱਚ ਅਸਫਲ ਰਹੀ ਹੈ। ਦੂਸਰਾ ਫਿਰੋਜ਼ਪੁਰ ਤੋਂ ਸੁਖਬੀਰ ਸਿੰਘ ਬਾਦਲ ਤੇ ਬਠਿੰਡੇ ਤੋਂ ਹਰਸਿਮਰਤ ਕੌਰ ਬਾਦਲ ਚੋਣ ਲੜ ਰਹੇ ਹਨ। ਸੁਖਬੀਰ ਸਿੰਘ ਬਾਦਲ ਅਕਾਲੀ ਦਲ ਦੇ ਮੁਖੀ ਹਨ ਤੇ ਉਨ੍ਹਾਂ ਦੀ ਪਤਨੀ ਕੇਂਦਰੀ ਮੰਤਰੀ ਹੈ। ਪੰਜਾਬ ਦੀ ਰਾਜਨੀਤੀ ਦੇ 70 ਸਾਲਾਂ ਵਿੱਚ ਪਹਿਲੀ ਵਾਰ ਹੈ ਕਿ ਇਸ ਖੇਤਰ ਦੇ ਹਾਈ ਪ੍ਰੋਫਾਈਲ ਪਤੀ-ਪਤਨੀ ਇਕੱਠੇ ਚੋਣ ਲੜਨ ਲੱਗੇ ਹਨ। ਉਨ੍ਹਾਂ ਲਈ ਆਪਣੇ ਹਲਕੇ ਤੋਂ ਪਾਰਟੀ ਦੀ ਜਿੱਤ ਯਕੀਨੀ ਕਰਨਾ ਜਿਊਣ-ਮਰਨ ਦਾ ਸਵਾਲ ਹੈ ਤਾਂ ਸੁਖਬੀਰ ਸਿੰਘ ਬਾਦਲ ਬਾਕੀ ਹਲਕਿਆਂ ਲਈ ਵਕਤ ਕੱਢਣ ਦੇ ਲਈ ਮੁਸ਼ਕਲ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਬਜ਼ੁਰਗ ਪਿਤਾ ਪ੍ਰਕਾਸ਼ ਸਿੰਘ ਬਾਦਲ 95 ਸਾਲ ਦੇ ਹੋ ਚਲੇ ਹਨ।

## ਕਤਲ ਮਾਮਲੇ ਵਿੱਚ ਤਿੰਨ ਜਣਿਆਂ ਨੂੰ ਉਮਰ ਕੈਦ

ਮੋਗਾ, 1 ਮਈ (ਪੋਸਟ ਬਿਊਰੋ)- ਜ਼ਿਲਾ ਸੈਸ਼ਨ ਜੱਜ ਮੁਨੀਸ਼ ਸਿੰਗਲ ਦੀ ਅਦਾਲਤ ਨੇ ਕਰੀਬ ਢਾਈ ਸਾਲ ਪਹਿਲਾਂ ਇਕ ਵਿਅਕਤੀ ਦਾ ਕਤਲ ਕਰਨ ਦੇ ਕੇਸ ਵਿੱਚ ਸ਼ਾਮਲ ਤਿੰਨ ਜਣਿਆਂ ਨੂੰ ਸਬੂਤਾਂ ਤੇ ਗਵਾਹਾਂ ਦੇ ਆਧਾਰ ਉਤੇ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਅਤੇ 10-10 ਹਜ਼ਾਰ ਰੁਪਏ ਜੁਰਮਾਨੇ ਦਾ ਹੁਕਮ ਦਿੱਤਾ ਹੈ। ਜੁਰਮਾਨਾ ਨਾ ਭਰਨ ਦੀ ਸੂਰਤ ਵਿੱਚ ਦੋਸ਼ੀ ਨੂੰ ਇਕ-ਇਕ ਸਾਲ ਵਾਧੂ ਕੈਦ ਕੱਟਣ ਦੇ ਹੁਕਮ ਕੀਤੇ ਗਏ ਹਨ। ਮਿਲੀ ਜਾਣਕਾਰੀ ਮੁਤਾਬਕ 16 ਅਕਤੂਬਰ 2017 ਨੂੰ ਥਾਣਾ ਸਦਰ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਪਿੰਡ ਦਾਰਾਪੁਰ ਦੇ ਰਿੱਕੀ ਨੇ ਕਿਹਾ ਸੀ ਕਿ ਘਟਨਾ ਵਾਲੇ ਦਿਨ ਤਰਸੇਮ ਸਿੰਘ ਮਜ਼ਦੂਰੀ ਕਰਕੇ ਆ ਰਿਹਾ ਸੀ ਤਾਂ ਤਾਏ ਦੇ ਘਰ ਵੱਲ ਗਿਆ ਸੀ। ਇਸ ਦੌਰਾਨ ਕੁਲਜਿੰਦਰ ਸਿੰਘ, ਹਰਪ੍ਰੀਤ ਸਿੰਘ, ਸੁਖਦੀਪ ਸਿੰਘ ਰਵੀ ਉਨ੍ਹਾਂ ਨੂੰ ਰਸਤੇ ਵਿੱਚ ਮਿਲ ਗਏ ਤੇ ਤਰਸੇਮ ਸਿੰਘ ਨੂੰ ਦੇਖ ਕੇ ਉਨ੍ਹਾਂ ਲਲਕਾਰਾ ਮਾਰਿਆ ਕਿ ਇਸ ਨੂੰ ਆਪਣੀ ਭੈਣ ਨਾਲ ਛੇੜਛਾੜ ਕਰਨ ਦਾ ਸਬਕ ਸਿਖਾਉਂਦੇ ਹਾਂ। ਫੇਰ ਉਨ੍ਹਾਂ ਨੇ ਤਰਸੇਮ ਸਿੰਘ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਗੰਭੀਰ ਸੱਟ ਲੱਗਣ ਕਰਕੇ ਤਰਸੇਮ ਸਿੰਘ ਦੀ ਮੌਤ ਹੋ ਗਈ, ਜਿਸ 'ਤੇ ਪੁਲਸ ਨੇ ਕੇਸ ਦਰਜ ਕੀਤਾ ਸੀ।

## ਪੰਜਾਬ ਦੇ ਦੋ ਏ ਐਸ ਆਈ ਕੇਰਲ ਪੁਲਸ ਵੱਲੋਂ ਗ੍ਰਿਫਤਾਰ

***ਕੋਚੀ ਦੇ ਇਕ ਆਲੀਸ਼ਾਨ ਹੋਟਲ 'ਚ ਰਹਿ ਰਹੇ ਸਨ**


ਅਸਿਸਟੈਂਟ ਸਬ ਇੰਸਪੈਕਟਰ ਜੋਗਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ।

ਚੰਡੀਗੜ੍ਹ, 1 ਮਈ (ਪੋਸਟ ਬਿਊਰੋ)- ਜਲੰਧਰ ਤੋਂ ਕੈਥੋਲਿਕ ਚਰਚ ਦੇ ਪਾਦਰੀ ਫਾਦਰ ਐਂਥਨੀ ਦੀਆਂ ਕੰਪਨੀਆਂ ਦੇ 6.66 ਕਰੋੜ ਰੁਪਏ ਹੜੱਪਣ ਦੇ ਦੋਸ਼ 'ਚ ਪੰਜਾਬ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ ਪਟਿਆਲਾ ਪੁਲਸ ਦੇ ਦੋ ਅਸਿਸਟੈਂਟ ਸਬ ਇੰਸਪੈਕਟਰ ਜੋਗਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਨੂੰ ਕੇਰਲ ਦੀ ਰਾਜਧਾਨੀ ਕੋਚੀ ਦੇ ਇਕ ਹੋਟਲ 'ਚੋਂ ਕੱਲ੍ਹ ਕੇਰਲ ਪੁਲਸ ਵੱਲੋਂ ਹਿਰਾਸਤ 'ਚ ਲੈ ਲਿਆ ਗਿਆ।

ਪੰਜਾਬ ਪੁਲਸ ਵੱਲੋਂ ਕੱਲ੍ਹ ਸਵੇਰੇ ਕੇਰਲ ਪੁਲਸ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਕਤ ਦੋਵੇਂ ਅਧਿਕਾਰੀਆਂ ਦੇ ਕੋਚੀ ਪੁੱਜਣ ਸਬੰਧੀ ਉਨ੍ਹਾਂ ਨੂੰ ਸੂਚਨਾ ਮਿਲੀ ਹੈ ਅਤੇ ਇਨ੍ਹਾਂ ਦੋਵਾਂ ਦੀਆਂ ਫੋਟੋਆਂ ਤੇ ਉਨ੍ਹਾਂ ਸਬੰਧੀ ਲੋੜੀਂਦੀ ਜਾਣਕਾਰੀ ਵੀ ਕੇਰਲ ਪੁਲਸ ਨੂੰ ਦੇ ਦਿੱਤੀ ਗਈ ਸੀ।

ਜਾਣਕਾਰੀ ਅਨੁਸਾਰ ਕੇਰਲ ਪੁਲਸ ਵੱਲੋਂ ਕੋਚੀ ਦੇ ਹੋਟਲਾਂ ਦੇ ਰਿਕਾਰਡ ਦੀ ਜਾਂਚ ਤੋਂ ਬਾਅਦ ਉਕਤ ਦੋਵਾਂ ਨੂੰ ਇਕ ਹੋਟਲ 'ਚੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਪੰਜਾਬ ਪੁਲਸ ਨੂੰ ਵੀ ਸੂਚਿਤ ਕਰ ਦਿੱਤਾ। ਪੰਜਾਬ ਪੁਲਸ ਦੇ ਇਕ ਬੁਲਾਰੇ ਅਨੁਸਾਰ ਪੁਲਸ ਵਿਭਾਗ ਵੱਲੋਂ ਆਈ ਜੀ ਪੱਧਰ ਦੇ ਇਕ ਅਧਿਕਾਰੀ ਪ੍ਰਵੀਨ ਸਿਨਹਾ ਦੀ ਅਗਵਾਈ 'ਚ ਕੁਝ ਅਧਿਕਾਰੀਆਂ ਨੂੰ ਇਨ੍ਹਾਂ ਦੋਵੇਂ ਭਗੌੜੇ ਪੁਲਸ ਅਧਿਕਾਰੀਆਂ ਨੂੰ ਪੰਜਾਬ ਲਿਆਉਣ ਤੇ ਕੋਚੀ ਵਿਖੇ ਜਾ ਕੇ ਉਨ੍ਹਾਂ ਦੀ ਪੁੱਛਗਿੱਛ ਕਰਨ ਲਈ ਕੇਰਲ ਭੇਜਿਆ ਗਿਆ ਹੈ। ਲੇਕਿਨ ਦਿਲਚਸਪ ਗੱਲ ਇਹ ਹੈ ਕਿ ਉਕਤ ਪੁਲਸ ਅਧਿਕਾਰੀ ਜੋ ਇਸ ਘਟਨਾ ਤੋਂ ਬਾਅਦ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਸਨ, ਕੇਰਲ ਕਿਉਂ ਗਏ ਜੋ ਕਿ ਕ੍ਰਿਸ਼ਚਨ ਬਹੁਮਤ ਵਾਲਾ ਸੂਬਾ ਹੈ ਅਤੇ ਪੰਜਾਬ ਤੋਂ ਜਿਸ ਫਾਦਰ ਐਂਥਨੀ ਦਾ ਪੈਸੇ ਲੁੱਟਿਆ ਸੀ, ਉਨ੍ਹਾਂ ਦਾ ਹੈਡਕੁਆਰਟਰ ਵੀ ਕੇਰਲ 'ਚ ਹੈ। ਇਸੇ ਤਰ੍ਹਾਂ ਆਈ ਜੀ ਪੱਧਰ ਦੇ ਅਧਿਕਾਰੀ ਵੱਲੋਂ ਉਕਤ ਦੋਵਾਂ ਦੀ ਪੁੱਛਗਿੱਛ ਲਈ ਕੋਚੀ ਜਾਣਾ ਵੀ ਰਹੱਸਮਈ ਹੈ, ਕਿਉਂਕਿ ਇਨ੍ਹਾਂ ਦੋਵਾਂ ਅਧਿਕਾਰੀਆਂ ਤੋਂ ਆਮ ਹਾਲਾਤ ਅਨੁਸਾਰ ਪੰਜਾਬ ਲਿਆ ਕੇ ਵੀ ਪੁੱਛਗਿੱਛ ਹੋ ਸਕਦੀ ਸੀ। ਵਰਨਣ ਯੋਗ ਹੈ ਕਿ ਪੁਲਸ ਵਿਭਾਗ ਵੱਲੋਂ ਜੋਗਿੰਦਰ ਸਿੰਘ ਤੇ ਰਾਜਪ੍ਰੀਤ ਸਿੰਘ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਨੂੰ ਮੁਅੱਤਲ ਕਰਨ ਦਾ ਵੀ ਐਲਾਨ ਕੀਤਾ ਗਿਆ ਸੀ।

ਇਨ੍ਹਾਂ ਦੋਵਾਂ ਵੱਲੋਂ ਕੁਝ ਦਿਨ ਪਹਿਲਾਂ ਮੁਹਾਲੀ ਦੀ ਇਕ ਅਦਾਲਤ 'ਚ ਜ਼ਮਾਨਤ ਦੀ ਮੰਗ ਕਰਨ ਲਈ ਅਰਜ਼ੀ ਲਗਾਈ ਗਈ ਸੀ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪੁਲਸ ਵਿਭਾਗ ਵੱਲੋਂ ਉਨ੍ਹਾਂ ਨੂੰ ਕਦੇ ਵੀ ਪਟਿਆਲਾ ਤੋਂ ਖੰਨਾ ਤਬਦੀਲ ਨਹੀਂ ਕੀਤਾ ਗਿਆ ਅਤੇ ਖੰਨਾ ਪੁਲਸ ਪਾਰਟੀ ਵੱਲੋਂ ਜਲੰਧਰ ਵਿਖੇ ਮਾਰੇ ਛਾਪੇ 'ਚ ਪਟਿਆਲਾ ਪੁਲਸ ਦੀ ਸ਼ਮੂਲੀਅਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਦਿਲਚਸਪ ਗੱਲ ਇਹ ਹੈ ਕਿ ਉਕਤ ਘਟਨਾ ਤੋਂ ਤੁਰੰਤ ਬਾਅਦ ਪੰਜਾਬ ਪੁਲਸ ਹੈਡਕੁਆਰਟਰ ਵੱਲੋਂ ਵੀ ਇਹ ਸਪਸ਼ਟ ਕੀਤਾ ਗਿਆ ਸੀ ਕਿ ਇਨ੍ਹਾਂ ਦੋ ਪੁਲਸ ਅਧਿਕਾਰੀਆਂ ਦੀ ਖੰਨਾ ਵਿਖੇ ਆਰਜ਼ੀ ਤਾਇਨਾਤੀ ਸਬੰਧੀ ਕੋਈ ਹੁਕਮ ਜਾਰੀ ਨਹੀਂ ਹੋਏ। ਪਰ ਸਰਕਾਰ ਵੱਲੋਂ ਵਿਸ਼ੇਸ਼ ਜਾਂਚ ਟੀਮ ਵੱਲੋਂ ਇਸ ਦੇ ਉਲਟ ਅਦਾਲਤ 'ਚ ਇਹ ਬਿਆਨ ਦਿੱਤਾ ਗਿਆ ਸੀ ਕਿ ਉਕਤ ਦੋਵੇਂ ਅਧਿਕਾਰੀ ਛਾਪਾ ਮਾਰਨ ਵਾਲੀ ਪੁਲਸ ਪਾਰਟੀ ਦਾ ਹਿੱਸਾ ਸਨ। ਇਨ੍ਹਾਂ ਦੋ ਅਧਿਕਾਰੀਆਂ ਦੀ ਗ੍ਰਿਫਤਾਰੀ ਤੋਂ ਬਾਅਦ ਪਾਦਰੀ ਦੇ ਹੜੱਪੇ ਗਏ 6.66 ਕਰੋੜ ਸਬੰਧੀ ਇਹ ਕੇਸ ਕੀ ਕਰਵਟ ਲੈਂਦਾ ਹੈ, ਇਹ ਹੁਣ ਵੇਖਣ ਵਾਲੀ ਗੱਲ ਹੋਵੇਗੀ।

ਪੁਲਸ ਵਿਭਾਗ ਦੇ ਬੁਲਾਰੇ ਨੇ ਕੱਲ੍ਹ ਇਥੇ ਸੰਕੇਤ ਦਿੱਤਾ ਕਿ ਇਨ੍ਹਾਂ ਦੋਵੇਂ ਅਧਿਕਾਰੀਆਂ ਨੂੰ ਪੰਜਾਬ ਲਿਆਉਣ 'ਚ ਕੁਝ ਸਮਾਂ ਲੱਗ ਸਕਦਾ ਹੈ। ਇਸ ਕੇਸ ' ਚ ਭਾਵੇਂ ਇਹ ਤੱਥ ਸਾਹਮਣੇ ਆ ਚੁੱਕਾ ਹੈ ਕਿ ਖੰਨਾ ਪੁਲਸ ਵੱਲੋਂ ਜੋ ਪੈਸਾ ਜਲੰਧਰ ਦੇ ਪਾਦਰੀ ਦੇ ਘਰੋਂ ਚੁੱਕਿਆ ਗਿਆ ਸੀ ਉਸ ਨੂੰ ਬਾਅਦ ਵਿੱਚ ਝੂਠੀ ਤੇ ਮਨਘੜਤ ਕਹਾਣੀ ਰਾਹੀਂ ਦੁਰਾਹੇ ਦੇ ਨਾਕੇ ਤੋਂ ਜਿਵੇਂ ਫੜਿਆ ਦਿਖਾਇਆ ਗਿਆ ਸੀ, ਉਸ ਨੂੰ ਲੈ ਕੇ ਰਾਜ ਸਰਕਾਰ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਕਿ ਖੰਨਾ ਪੁਲਸ ਵੱਲੋਂ ਅਸਲ ਤੱਥਾਂ ਨੂੰ ਛੁਪਾ ਕੇ ਇਕ ਮਨਘੜਤ ਕਹਾਣੀ ਅਤੇ ਗਲਤ ਕੇਸ ਕਿਉਂ ਬਣਾਇਆ ਗਿਆ। ਵਰਨਣ ਯੋਗ ਹੈ ਕਿ ਪੰਜਾਬ ਦੇ ਡੀ ਜੀ ਪੀ ਵੀ ਮੰਨ ਚੁੱਕੇ ਹਨ ਕਿ ਪੁਲਸ ਦੀ ਉਕਤ ਸਮੁੱਚੀ ਕਾਰਵਾਈ ਉਨ੍ਹਾਂ ਦੀ ਦੇਖ ਰੇਖ 'ਚ ਕੀਤੀ ਗਈ।

## ਮੂਵੀ ਤੋਂ ਪਛਾਣ ਨਾਲ ਪੁਲਸ ਨੇ ਖਾਲਸਾ ਕਾਲਜ ਦੇ ਸਾਬਕਾ ਪ੍ਰਧਾਨ ਸਣੇ ਦੋ ਜਣੇ ਫੜੇ

ਜਲੰਧਰ, 1 ਮਈ (ਪੋਸਟ ਬਿਊਰੋ)- ਦੇਸੀ ਪਿਸਤੌਲ ਨੂੰ ਇੱਕ ਪਾਰਟੀ ਵਿੱਚ ਲਹਿਰਾਉਣ ਦੀ ਵੀਡੀਓ ਤੋਂ ਸੀ ਆਈ ਏ ਸਟਾਫ ਦੀ ਟੀਮ ਨੇ ਲੰਮੇ ਸਮੇਂ ਦੇ ਟ੍ਰੈਪ ਤੋਂ ਬਾਅਦ ਖਾਲਸਾ ਕਾਲਜ ਦੇ ਸਾਬਕਾ ਪ੍ਰਧਾਨ ਅਤੇ ਪਿਸਤੌਲ ਲਹਿਰਾਉਣ ਵਾਲੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਦੋਵਾਂ ਦੇ ਤਾਰ 23 ਮਾਰਚ ਨੂੰ ਫੜੇ ਗਏ ਡਰੱਗਜ਼ ਰੈਕੇਟ ਅਤੇ ਨਾਜਾਇਜ਼ ਹਥਿਆਰ ਰੱਖਣ ਵਾਲੇ ਗੈਂਗ ਨਾਲ ਜੁੜੇ ਨਿਕਲੇ ਹਨ ਤੇ ਦੋਵਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਕਰੀਬ ਚਾਰ ਮਹੀਨੇ ਪਹਿਲਾਂ ਇੱਕ ਪਾਰਟੀ ਵਿੱਚ ਸ਼ੀਲਾ ਨਾਂਅ ਦੇ ਨੌਜਵਾਨ ਨੇ ਦੇਸੀ ਪਿਸਤੌਲ ਲਹਿਰਾਉਂਦਿਆਂ ਖੁਦ ਦੀ ਵੀਡੀਓ ਬਣਵਾਈ ਸੀ। ਇਹ ਵੀਡੀਓ ਵਾਇਰਲ ਹੋਈ ਤਾਂ ਸੀ ਆਈ ਏ ਸਟਾਫ ਤੱਕ ਪਹੁੰਚ ਗਈ। ਪੁਲਸ ਸ਼ੀਲਾ ਦੀ ਪਛਾਣ ਕਰਵਾਉਣ ਵਿੱਚ ਜੁਟ ਗਈ। 23 ਮਾਰਚ ਨੂੰ ਸੀ ਆਈ ਏ ਸਟਾਫ ਨੇ ਗੀਤਾ ਕਲੋਨੀ ਦੇ ਸੰਨੀ ਵੈਹਮੀ ਅਤੇ ਅਸ਼ੋਕ ਵਿਹਾਰ ਦੇ ਸਾਗਰ ਨੂੰ ਦੋ ਨਾਜਾਇਜ਼ ਪਿਸਤੌਲਾਂ, ਰੌਂਦ ਤੇ 270 ਗਰਾਮ ਹੈਰੋਇਨ ਸਣੇ ਫੜਿਆ ਸੀ। ਉਨ੍ਹਾਂ ਕੋਲੋਂ ਪੁੱਛਗਿੱਛ ਵਿੱਚ ਸ਼ੀਲਾ ਦੀ ਵੀ ਪਛਾਣ ਹੋ ਗਈ। ਸੰਨੀ ਸ਼ੀਲਾ ਨੂੰ ਜਾਣਦਾ ਸੀ। ਪੁਲਸ ਨੂੰ ਇਨਪੁਟ ਮਿਲੇ ਕਿ ਸ਼ੀਲਾ ਕੋਲ ਜੋ ਨਾਜਾਇਜ਼ ਵੈਪਨ ਸੀ, ਉਹ ਖਾਲਸਾ ਕਾਲਜ ਦੇ ਸਾਬਕਾ ਪ੍ਰਧਾਨ ਹੀਰਾ ਵਾਸੀ ਰਾਮਾ ਮੰਡੀ ਦਾ ਹੈ। ਪੁਲਸ ਕਾਫੀ ਸਮੇਂ ਤੋਂ ਸ਼ੀਲਾ ਅਤੇ ਹੀਰਾ ਦੀ ਭਾਲ ਵਿੱਚ ਸੀ। ਹੀਰਾ ਨੂੰ ਪੇਸ਼ ਹੋਣ ਲਈ ਕਿਹਾ, ਪਰ ਉਹ ਖੁਦ ਨੂੰ ਬੇਕਸੂਰ ਦੱਸਦਾ ਰਿਹਾ। ਇਸ ਦੌਰਾਨ ਸੀ ਆਈ ਏ ਸਟਾਫ ਦੇ ਹਰਮਿੰਦਰ ਸਿੰਘ ਨੇ ਗੁਪਤ ਸੂਚਨਾ ਉੱਤੇ ਸ਼ੀਲਾ ਨੂੰ ਚੁੱਕ ਲਿਆ। ਉਸ ਕੋਲੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਵੀ ਕਬੂਲ ਕੀਤਾ ਕਿ ਨਾਜਾਇਜ਼ ਵੈਪਨ ਹੀਰਾ ਦਾ ਹੀ ਸੀ। ਪੁਲਸ ਨੇ ਕੱਲ੍ਹ ਹੀਰਾ ਨੂੰ ਵੀ ਗ੍ਰਿਫਤਾਰ ਕਰ ਲਿਆ, ਜਿਸ ਕੋਲੋਂ ਨਾਜਾਇਜ਼ ਵੈਪਨ ਬਰਾਮਦ ਕਰ ਲਿਆ ਗਿਆ। ਸੀ ਆਈ ਏ ਸਟਾਫ ਨੇ ਦੋਵਾਂ ਉਤੇ ਕੇਸ ਦਰਜ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਦੇ ਹੋਰ ਸਾਥੀਆਂ ਕੋਲ ਵੀ ਨਾਜਾਇਜ਼ ਵੈਪਨ ਹਨ। ਪੁਲਸ ਦੀ ਪੁੱਛਗਿੱਛ ਵਿੱਚ ਸਾਹਮਣੇ ਆਇਆ ਹੈ ਕਿ ਹੀਰਾ ਨੇ ਇਹ ਵੈਪਨ ਯੂ ਪੀ ਤੋਂ ਖਰੀਦਿਆ ਸੀ।

## ਮੁਹੰਮਦ ਸਦੀਕ ਦੇ ਅਨੁਸੂਚਿਤ ਜਾਤ ਨਾਲ ਸੰਬੰਧ ਦਾ ਸਵਾਲ ਫਿਰ ਉੱਠ ਪਿਆ

ਚੰਡੀਗੜ੍ਹ, 1 ਮਈ (ਪੋਸਟ ਬਿਊਰੋ)- ਫਰੀਦਕੋਟ ਤੋਂ ਕਾਂਗਰਸ ਦੇ ਉਮੀਦਵਾਰ ਅਤੇ ਲੋਕ ਗਾਇਕ ਮੁਹੰਮਦ ਸਦੀਕ ਦੇ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਉੱਤੇ ਸਵਾਲ ਉਠਾਉਂਦੀ ਪਟੀਸ਼ਨ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਹੋਰਨਾਂ ਧਿਰਾਂ ਨੂੰ 12 ਸਤੰਬਰ ਤੱਕ ਨੋਟਿਸ ਜਾਰੀ ਕੀਤੇ ਹਨ।

ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੀ ਅਦਾਲਤ ਵਿੱਚ ਪੇਸ਼ ਹੋਈ ਇਸ ਪਟੀਸ਼ਨ ਵਿੱਚ ਅਨੁਸੂਚਿਤ ਜਾਤੀ ਦੇ ਉਮੀਦਵਾਰ ਲਈ ਰਾਖਵੀਂ ਸੀਟ ਤੋਂ ਮੁਹੰਮਦ ਸਦੀਕ ਦਾ ਨਾਮਜ਼ਦਗੀ ਪੱਤਰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਮੋਗਾ ਦੇ ਕਮਲਜੀਤ ਸਿੰਘ ਨੇ ਪਟੀਸ਼ਨ ਵਿੱਚ ਕਿਹਾ ਹੈ ਕਿ ਮੁਸਲਿਮ ਧਰਮ ਨੂੰ ਮੰਨਣ ਵਾਲੇ ਵਿਅਕਤੀ ਨੂੰ ਅਨੁਸੂਚਿਤ ਜਾਤੀ ਦਾ ਨਹੀਂ ਮੰਨਿਆ ਜਾ ਸਕਦਾ। ਉਸ ਨੇ ਸਦੀਕ ਦੇ ਅਨੁਸੂਚਿਤ ਜਾਤੀ ਨਾਲ ਸੰਬੰਧ ਹੋਣ ਦਾ ਵਿਰੋਧ ਕਰਦੇ ਹੋਏ ਕਿਹਾ ਹੈ ਕਿ ਇਸਲਾਮ ਵਿੱਚ ਜਾਤੀ ਪ੍ਰਥਾ ਦਾ ਕੋਈ ਸਥਾਨ ਨਹੀਂ ਹੈ, ਇਸ ਲਈ ਇਸਲਾਮ ਵਿੱਚ ਜਨਮ ਲੈਣ ਵਾਲਾ ਵਿਅਕਤੀ ਕਿਸੇ ਜਾਤੀ ਨਾਲ ਸੰਬੰਧਤ ਨਹੀਂ ਹੁੰਦਾ। ਪਟੀਸ਼ਨਰ ਨੇ ਕਿਹਾ ਹੈ ਕਿ ਜਾਤੀ ਪ੍ਰਥਾ ਦਾ ਪਾਲਣ ਨਾ ਕਰ ਰਹੇ ਧਰਮ ਵਿੱਚ ਪੈਦਾ ਹੋਣ ਵਾਲਾ ਕੋਈ ਸ਼ਖਸ, ਕਿਸੇ ਜਾਤੀ ਪ੍ਰਥਾ ਦਾ ਪਾਲਣ ਕਰਨ ਵਾਲੇ ਧਰਮ ਵਿੱਚ ਸ਼ਾਮਲ ਹੋ ਕੇ ਕਿਸੇ ਜਾਤੀ ਵਿਸ਼ੇਸ਼ ਵਿੱਚ ਸ਼ਾਮਲ ਹੋਣ ਦਾ ਦਾਅਵਾ ਕਰਨਾ ਸੰਵਿਧਾਨ ਨਾਲ ਧੋਖਾ ਕਰਨ ਸਮਾਨ ਹੈ।

ਮੂੰਹੋ ਬੋਲਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops

100% Satisfaction On Time

We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)





A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344







# ਸੁਪਰੀਮ ਕੋਰਟ ਨੇ ਸਿੱਖ ਵਿਰੋਧੀ ਦੰਗਿਆਂ ਦੇ 15 ਦੋਸ਼ੀ ਛੱਡੇ



ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ 15 ਦੋਸ਼ੀਆਂ ਨੂੰ ਕੱਲ੍ਹ ਅਚਾਨਕ ਬਰੀ ਕਰ ਦਿੱਤਾ ਹੈ। ਇਨ੍ਹਾਂ ਨੂੰ ਪੂਰਬੀ ਦਿੱਲੀ ਦੇ ਤਿਰਲੋਕਪੁਰੀ ਵਿੱਚ ਸਾੜ-ਫੂਕ ਕਰਨ ਅਤੇ ਸਿੱਖ ਵਿਰੋਧੀ ਦੰਗੁ ਭੜਕਾਉਣ ਦੇ ਕੇਸ ਵਿੱਚ ਹੇਠਲੀ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਸੀ। ਉਸ ਪਿੱਛੋਂ ਨਵੰਬਰ 2018 ਵਿੱਚ ਦਿੱਲੀ ਹਾਈ ਕੋਰਟ ਨੇ ਉਨ੍ਹਾਂ ਦੀ ਸਜ਼ਾ ਕਾਇਮ ਰੱਖੀ ਸੀ। ਕੱਲ੍ਹ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਛੱਡਣ ਵੇਲੇ ਕਿਹਾ ਹੈ ਕਿ ਉਨ੍ਹਾਂ ਵਿਰੁੱਧ ਕੋਈ ਸਬੂਤ ਨਹੀਂ ਹਨ। ਕੋਈ ਗਵਾਹ ਉਨ੍ਹਾਂ ਨੂੰ ਸਿੱਧੇ ਤੌਰ ਉਤੇ ਪਛਾਣ ਨਹੀਂ ਸਕਿਆ।

ਅਸਲ ਵਿੱਚ ਸਾਢੇ 34 ਸਾਲ ਪਹਿਲਾਂ 1984 ਵਿੱਚ ਪੂਰਬੀ ਦਿੱਲੀ ਦੇ ਤਿਰਲੋਕਪੁਰੀ ਇਲਾਕੇ ਵਿੱਚ ਸਿੱਖ ਵਿਰੋਧੀ ਦੰਗੇ ਹੋਏ ਸਨ। ਇਸ ਕੇਸ ਵਿੱਚ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ ਦੰਗਿਆਂ ਨੂੰ ਭੜਕਾਉਣ ਅਤੇ ਘਰਾਂ ਨੂੰ ਸਾੜਨ ਦੇ ਲਈ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਉਸ ਪਿੱਛੋਂ ਇਸ ਦੀ ਅਪੀਲ ਦਿੱਲੀ ਹਾਈ ਕੋਰਟ ਵਿੱਚ ਕੀਤੀ ਗਈ। ਮਾਮਲੇ ਦੀ ਸੁਣਵਾਈ ਪਿੱਛੋਂ ਦਿੱਲੀ ਹਾਈ ਕੋਰਟ ਨੇ ਵੀ ਉਨ੍ਹਾਂ ਨੂੰ ਦੋਸ਼ੀ ਮੰਨਿਆ ਤੇ ਸਜ਼ਾ ਕਾਇਮ ਰੱਖੀ। ਫਿਰ ਇਸ ਕੇਸ ਦੀ ਅਪੀਲ ਸੁਪਰੀਮ ਕੋਰਟ ਵਿੱਚ ਕੀਤੀ ਗਈ ਤਾਂ ਸੁਪਰੀਮ ਕੋਰਟ ਨੂੰ ਇਨ੍ਹਾਂ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ। ਵਰਨਣ ਯੋਗ ਹੈ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਵਿੱਚ ਤਿਰਲੋਕਪੁਰੀ ਵਿਖੇ ਲਗਭਗ 95 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਅਤੇ 100 ਦੇ ਕਰੀਬ ਘਰਾਂ ਨੂੰ ਸਾੜ ਦਿੱਤਾ ਗਿਆ ਸੀ। ਉਥੋਂ 95 ਲਾਸ਼ਾਂ ਮਿਲੀਆਂ ਸਨ ਅਤੇ ਦੰਗੇ ਭੜਕਾਉਣ ਦੇ ਦੋਸ਼ ਮੁਲਜ਼ਮਾਂ ਉੱਤੇ ਲੱਗੇ ਸਨ।

ਇਸ ਦੌਰਾਨ ਦਿੱਲੀ ਹਾਈ ਕੋਰਟ ਨੇ ਬਲਵਾਨ ਖੋਖਰ ਦੀ ਪੈਰੋਲ ਦੀ ਪਟੀਸ਼ਨ 'ਤੇ ਜਲਦੀ ਫੈਸਲਾ ਲੈਣ ਲਈ ਕਿਹਾ ਹੈ। ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਬਾਰੇ ਸਾਬਕਾ ਕਾਂਗਰਸੀ ਨੇਤਾ ਸੱਜਣ ਕੁਮਾਰ ਦੇ ਨਾਲ ਬਲਵਾਨ ਖੋਖਰ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਦਿੱਲੀ ਹਾਈ ਕੋਰਟ ਦੇ ਜਸਟਿਸ ਏ ਕੇ ਚਾਵਲਾ ਨੇ ਸਰਕਾਰ ਨੂੰ ਖੋਖਰ ਦੀ ਪਟੀਸ਼ਨ ਉੱਤੇ ਲੋਕ ਸਭਾ ਚੋਣਾਂ ਦੇ ਖਤਮ ਹੋਣ ਤੋਂ ਦੋ ਹਫਤਿਆਂ ਅੰਦਰ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ।

# ਛੱਤੀਸਗੜ੍ਹ ਸਰਹੱਦ ਉਤੇ ਗੜ੍ਹਚਿਰੌਲੀ ਵਿੱਚ ਬੰਬ ਧਮਾਕਾ, 15 ਜਵਾਨ ਮਾਰੇ ਗਏ

ਕਾਂਕੇਰ, 1 ਮਈ (ਪੋਸਟ ਬਿਊਰੋ)- ਛੱਤੀਸਗੜ੍ਹ ਤੇ ਕਾਂਕੇਰ ਜ਼ਿਲ੍ਹੇ ਵਿਚ ਪਖਾਂਜੂਰ ਦੀ ਹੱਦ ਨਾਲ ਲੱਗਦੇ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਨਕਸਲੀਆਂ ਨੇ ਵੱਡੀ ਵਾਰਦ-ਾਤ ਕਰ ਦਿੱਤੀ ਹੈ। ਬੁੱਧਵਾਰ ਦੁਪਹਿਰੇ ਨਕਸਲੀਆਂ ਨੇ ਮਹਾਰਾਸ਼ਟਰ ਪੁਲਿਸ ਦੇ ਸੀ-60 ਕਮਾਂਡੋ ਦੇ ਵਾਹਨ ਨੂੰ ਆਈ ਡੀ ਧਮਾਕਾ ਕਰ ਕੇ ਉਡਾ ਦਿੱਤਾ ਤਾਂ ਇਸ ਵਿਚ 15 ਜਵਾਨ ਮਾਰੇ ਗਏ ਤੇ 13 ਜ਼ਖ਼ਮੀ ਹੋਏ ਹਨ। ਨਕਸਲੀ ਇਸ ਖੇਤਰ ਵਿਚ ਕੱਲ੍ਹ ਰਾਤ ਤੋਂ ਹੰਗਾਮਾ ਕਰ ਰਹੇ ਹਨ। ਮੰਗਲਵਾਰ ਰਾਤ ਉਨ੍ਹਾਂ ਨੇ ਇਸੇ ਇਲਾਕੇ ਵਿਚ ਸੜਕ ਬਣਾਉਣ ਵਿਚ ਲੱਗੇ 27 ਵਾਹਨ ਸਾੜ ਦਿੱਤੇ ਸਨ।



ਧਮਾਕੇ ਮਗਰੋਂ ਸੜਕ ਉਤੇ ਬਿਖਰਿਆ ਬੱਸ ਦਾ ਮਲਬਾ।

ਮਹਾਰਾਸ਼ਟਰ ਪੁਲਸ ਦੇ ਗੜ੍ਹਚਿਰੌਲੀ ਰੇਂਜ ਦੇ ਆਈ ਜੀ ਸ਼ਰਦ ਸੇਲਾਰ ਨੇ ਵਾਰਦਾਤ ਦੀ ਪੁਸ਼ਟੀ ਕਰ ਕੇ ਦੱਸਿਆ ਕਿ ਪੁਲਿਸ ਦੇ ਸੀ-60 ਕਮਾਂਡੋ ਦੋ ਨਿੱਜੀ ਬੱਸਾਂ ਵਿਚ ਸਵਾਰ ਹੋ ਕੇ ਕੋਰਸੀ ਚੱਲੇ ਸਨ। ਕੋਰਸੀ, ਛੱਤੀਸਗੜ੍ਹ ਰਾਜ ਵਿਚਲੇ ਰਾਜਨਾਂਦਗਾਂਵ ਜ਼ਿਲ੍ਹੇ ਦੀ ਹੱਦ ਨਾਲ ਲੱਗਦਾ ਹੈ। ਇਸ ਮੌਕੇ ਧਮਾਕਾ ਹੋਇਆ ਅਤੇ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ।

ਇੱਥੇ ਗੜ੍ਹਚਿਰੌਲੀ ਏਰੀਆ ਕਮੇਟੀ ਦੇ ਨਕਸਲੀ ਸਰਗਰਮ ਰਹਿੰਦੇ ਹਨ, ਜੋ ਮਹਾਰਾਸ਼ਟਰ ਤੇ ਛੱਤੀਸਗੜ੍ਹ ਸਰਹੱਦ ਉੱਤੇ ਲਗਾਤਾਰ ਅਜਿਹੀਆਂ ਘਟਨਾਵਾਂ ਦਾ ਕਾਰਨ ਬਣ ਰਹੇ ਹਨ।

# ਏਅਰ ਇੰਡੀਆ ਨੇ ਅਲਕੋਹਲ ਟੈਸਟ 'ਚ ਫੇਲ੍ਹ ਪਾਇਲਟ ਨੂੰ ਤਰੱਕੀ ਦੇ ਦਿੱਤੀ

ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਉਡਾਣ ਤੋਂ ਪਹਿਲਾਂ ਅਲਕੋਹਲ ਟੈਸਟ 'ਚ ਫੇਲ੍ਹ ਹੋਣ ਵਾਲੇ ਪਾਇਲਟ ਅਰਵਿੰਦ ਕਠਪਾਲੀਆ ਨੂੰ ਏਅਰ ਇੰਡੀਆ ਨੇ ਪ੍ਰਮੋਸ਼ਨ ਦੇ ਕੇ ਰੀਜਨਲ ਡਾਇਰੈਕਟਰ (ਨਾਰਥ ਰੀਜਨ) ਬਣਾ ਦਿੱਤਾ ਹੈ।

ਨਵੰਬਰ 2018 'ਚ ਅਲਕੋਹਲ ਟੈਸਟ ਵਿੱਚ ਫੇਲ੍ਹ ਹੋਣ ਕਾਰਨ ਕਠਪਾਲੀਆ ਦਾ ਫਲਾਇੰਗ ਲਾਇਸੈਂਸ ਰੱਦ ਕਰ ਦਿੱਤਾ ਗਿਆ ਸੀ। ਇਕ ਅਧਿਕਾਰਿਕ ਬਿਆਨ ਵਿੱਚ ਕੱਲ੍ਹ ਏਅਰਲਾਈਨ ਨੇ ਦੱਸਿਆ ਕਿ ਕਠਪਾਲੀਆ ਕੱਲ੍ਹ ਨੂੰ ਆਪਣਾ ਕਾਰਜਭਾਰ ਸੰਭਾਲਣਗੇ। ਬਿਆਨ ਅਨੁਸਾਰ 'ਰੀਜਨਲ ਡਾਇਰੈਕਟਰ (ਉਤਰੀ ਖੇਤਰ) ਪੰਕਜ ਕੁਮਾਰ 30 ਅਪ੍ਰੈਲ 2019 ਨੂੰ ਰਿਟ-ਾਇਰ ਹੋ ਰਹੇ ਹਨ। ਉਨ੍ਹਾਂ ਦੀ ਥਾਂ ਕੈਪਟਨ ਅਰਵਿੰਦ ਕਠਪਾਲੀਆ ਨੂੰ ਨਿਯੁਕਤ ਕੀਤਾ ਗਿਆ ਹੈ। ਕਠਪਾਲਿਆ ਦੀ ਨਿਯੁਕਤੀ ਇਕ ਮਈ 2019 ਤੋਂ ਪ੍ਰਭਾਵੀ ਹੋਵੇਗੀ।' ਬੀਤੇ ਸਾਲ 11 ਨਵੰਬਰ ਨੂੰ ਨਵੀਂ ਦਿੱਲੀ ਤੋਂ ਲੰਡਨ ਚੱਲੇ ਜਹਾਜ਼ ਦੀ ਉਡਾਣ ਤੋਂ ਪਹਿਲਾਂ ਦੋ ਅਲਕੋਹਲ ਟੈਸਟ ਵਿੱਚ ਕਠਪਾਲੀਆ ਪਾਜ਼ੇਟਿਵ ਪਾਏ ਗਏ ਸਨ। ਅਗਲੇ ਹੀ ਦਿਨ ਡਾਇਰੈਕਟਰੇਟ ਜਨਰਲ ਆਫ ਸਿਵਲ ਏਵੀਏਸ਼ਨ (ਡੀ ਜੀ ਸੀ ਏ) ਨੇ ਉਨ੍ਹਾਂ ਦੇ ਜਹਾਜ਼ ਉਡਾਣ ਦੇ ਲਾਇਸੈਂਸ ਨੂੰ ਤਿੰਨ ਸਾਲ ਲਈ ਰੱਦ ਕਰ ਦਿੱਤਾ ਸੀ। 13 ਨਵੰਬਰ ਨੂੰ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਉਨ੍ਹਾਂ ਨੂੰ ਡਾਇਰੈਕਟਰ (ਆਪਰੇਸ਼ਨ) ਤੋਂ ਹਟਾਉਣ ਦਾ ਹੁਕਮ ਜਾਰੀ ਕੀਤਾ ਸੀ। ਇਸ ਦੇ ਇਕ ਹਫਤੇ ਬਾਅਦ ਏਅਰ ਇੰਡੀਆ ਨੇ ਕਠਪਾਲੀਆ ਨੂੰ ਰੀਜਨਲ ਡਾਇਰੈਕਟਰ ਬਣਾ ਦਿੱਤਾ, ਜਿਸ ਤੋਂ ਹਰ ਕੋਈ ਹੈਰਾਨ ਹੋ ਰਿਹਾ ਹੈ, ਪਰ ਕੋਈ ਅਧਿਕਾਰੀ ਜਵਾਬ ਨਹੀਂ ਦੇ ਰਿਹਾ।

# ਸਾਬਕਾ ਵਿੰਗ ਕਮਾਂਡਰ ਦੀ ਪਤਨੀ ਦੇ ਕਤਲ ਦਾ ਦੋਸ਼ੀ ਗ੍ਰਿਫਤਾਰ

ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਦਵਾਰਕਾ ਖੇਤਰ ਵਿੱਚ ਏਅਰ ਫੋਰਸ ਦੇ ਇੱਕ ਸਾਬਕਾ ਵਿੰਗ ਕਮਾਂਡਰ ਦੀ ਪਤਨੀ ਦੇ ਕਤਲ ਦੇ ਕੇਸ ਵਿੱਚ 56 ਸਾਲ ਦੇ ਦੋਸ਼ੀ ਦਿਨੇਸ਼ ਦੀਕਸ਼ਿਤ ਨੂੰ ਗ੍ਰਿਫਤਾਰ ਕੀਤਾ ਹੈ। ਦੀਕਸ਼ਿਤ ਰਾਜਸਥਾਨ ਦੇ ਜੈਪੁਰ ਦਾ ਵਾਸੀ ਹੈ ਅਤੇ ਉਸ ਨੇ ਦੋ ਵਿਆਹ ਕੀਤੇ ਹਨ। ਇਸ ਕੇਸ ਬਾਰੇ ਦਿੱਲੀ ਪੁਲਸ ਨੇ ਕੱਲ੍ਹ ਦੱਸਿਆ ਕਿ ਦੋਸ਼ੀ ਨੇ ਵਿੰਗ ਕਮਾਂਡਰ ਦੀ ਪਤਨੀ 52 ਸਾਲ ਦੀ ਮੀਨੂ ਜੈਨ ਨਾਲ ਮੋਬਾਈਲ ਡੇਟਿੰਗ ਐਪ ਉਤੇ ਮੁਲਾਕ-ਾਤ ਕੀਤੀ ਸੀ। ਘਟਨਾ ਦੀ ਰਾਤ ਦੀਕਸ਼ਿਤ ਨੇ ਆਪਣੇ ਨਾਲ ਮੀਨੂ ਨੂੰ ਸ਼ਰਾਬ ਪੀਣ ਲਈ ਮਨਾਇਆ ਅਤੇ ਫਿਰ ਸਿਰਹਾਣੇ ਨਾਲ ਮੂੰਹ ਦਬਾ ਕੇ ਉਸ ਦੀ ਹੱਤਿਆ ਕਰ ਦਿੱਤੀ।

# ਭਾਜਪਾ ਸਾਡੇ 7 ਵਿਧਾਇਕ ਖਰੀਦਣ ਵਾਸਤੇ ਕੋਸ਼ਿਸ਼ ਕਰ ਰਹੀ ਹੈ: ਸਿਸੋਦੀਆ

ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਨੇਤਾ ਅਤੇ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੌਦੀਆ ਨੇ ਭਾਜਪਾ ਉੱਤੇ ਵਿਧਾਇਕਾਂ ਦੀ ਖਰੀਦ ਦੇ ਯਤਨਾਂ ਦਾ ਦੋਸ਼ ਲਾਉਂਦੇ ਹੋਏ ਅੱਜ ਏਥੇ ਕਿਹਾ ਕਿ ਉਨ੍ਹਾਂ ਦੇ ਸੱਤ ਵਿਧਾਇਕਾਂ ਨੂੰ ਭਾਜਪਾ ਨੇ ਆਪਣੇ ਵਿੱਚ ਲਿਆਉਣ ਲਈ 10-10 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਹੈ। ਭਾਜਪਾ ਨੇ ਇਸ ਦਾਅਵੇ ਨੂੰ ਅਜੀਬ ਦੱਸ ਕੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦਾ ਧਿਆਨ ਖਿੱਚਣ ਲਈ ਬੇਚੈਨ ਹੈ।

ਸਿਸੋਦੀਆ ਨੇ ਕਿਹਾ ਕਿ ਇਸ ਵਾਰ ਵੀ ਲੋਕ ਭਾਜਪਾ ਨੂੰ ਕਰਾਰਾ ਜਵਾਬ ਦੇਣਗੇ। ਉਨ੍ਹਾਂ ਕਿਹਾ, 'ਜਦੋਂ ਭਾਜਪਾ ਕੋਲ ਕੋਈ ਵਿਕਾਸ ਦਾ ਮੁੱਦਾ ਚੁੱਕਣ ਲਈ ਨਹੀਂ ਰਿਹਾ ਤਾਂ ਆਮ ਆਦਮੀ ਪਾਰਟੀ ਦੇ 7 ਵਿਧਾਇਕਾਂ ਨੂੰ 10-10 ਕਰੋੜ ਵਿੱਚ ਖਰੀਦਣ ਦੀ ਕੋਸ਼ਿਸ਼ ਕਰਨ ਲੱਗੀ ਹੈ।' ਸਿਸੋਦੀਆ ਨੇ ਪ੍ਰਧਾਨ ਮੰਤਰੀ ਮੋਦੀ ਦੀ ਉਸ ਟਿੱਪਣੀ ਦੀ ਵੀ ਨਿੰਦਾ ਕੀਤੀ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੇ 40 ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ ਅਤੇ ਜਦੋਂ ਭਾਜਪਾ ਆਮ ਚੋਣਾਂ ਜਿੱਤ ਗਈ, ਇਹ ਵਿਧਾਇਕ ਤ੍ਰਿਣਮੂਲ ਕਾਂਗਰਸ ਨੂੰ ਛੱਡ ਦੇਣਗੇ। ਉਨ੍ਹਾਂ ਨੇ ਕਿਹਾ, 'ਇਕ ਪ੍ਰਧਾਨ ਮੰਤਰੀ ਵਲੋਂ ਅਜਿਹਾ ਬਿਆਨ ਦੇਣਾ ਸਹੀ ਨਹੀਂ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਲੋਕਤੰਤਰੀ ਦੇਸ਼ ਹੈ ਅਤੇ ਲੋਕਤੰਤਰ ਕਾਰਨ ਹੀ ਉਹ ਪ੍ਰਧਾਨ ਮੰਤਰੀ ਹਨ।'



ਸਿਸੌਦੀਆ ਦੇ ਬਿਆਨ ਉੱਤੇ ਪ੍ਰਤੀਕਿਰਿਆ ਦਿੰਦੇ ਹੋਏ ਭਾਜਪਾ ਦੇ ਮੀਡੀਆ ਮੁਖੀ ਅਸ਼ੋਕ ਗੋਇਲ ਨੇ ਕਿਹਾ, 'ਚੋਣਾਂ ਵਿੱਚ ਹਾਰ ਦੇ ਡਰ ਕਾਰਨ ਆਮ ਆਦਮੀ ਪਾਰਟੀ ਪਰੇਸ਼ਾਨ ਹੈ ਤੇ ਏਦਾਂ ਦੇ ਅਜੀਬ ਦੋਸ਼ ਲਾ ਕੇ ਉਨ੍ਹਾਂ ਦੇ ਨੇਤਾ ਧਿਆਨ ਆਕਰਸ਼ਿਤ ਕਰਨਾ ਚਾਹੁੰਦੇ ਹਨ।'

# ਕਿਰਨ ਬੇਦੀ ਨੂੰ ਪੁੱਡੂਚੇਰੀ ਸਰਕਾਰ ਦੇ ਰੋਜ਼ ਦੇ ਕੰਮਾਂ ਵਿੱਚ ਦਖਲ ਦਾ ਅਧਿਕਾਰ ਨਹੀਂ

ਪੁੱਡੂਚੇਰੀ, 1 ਮਈ (ਪੋਸਟ ਬਿਊਰੋ)- ਪਿਛਲੇ ਕਈ ਮਹੀਨਿਆਂ ਤੋਂ ਪੁੱਡੂਚੇਰੀ ਦੀ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਤੇ ਰਾਜ ਸਰਕਾਰ ਵਿਚਾਲੇ ਡੈਡਲਾਕ ਵਿੱਚ ਕੱਲ੍ਹ ਮਦਰਾਸ ਹਾਈ ਕੋਰਟ ਨੇ ਦਖਲ ਦਿੱਤਾ। ਅਦਾਲਤ ਨੇ ਸਪੱਸ਼ਟ ਕਿਹਾ ਹੈ ਕਿ ਪੁੱਡੂਚੇਰੀ ਦੀ ਲੈਫਟੀਨੈਂਟ ਗਵਰਨਰ ਹੋਣ ਦੇ ਨਾਤੇ ਕਿਰਨ ਬੇਦੀ ਕੋਲ ਸੂਬਾ ਸਰਕਾਰ ਦੀਆਂ ਰੋਜ਼ਾਨਾ ਦੀਆਂ ਸਰਗਰਮੀਆਂ ਵਿੱਚ ਦਖਲ ਦੇਣ ਦਾ ਅਧਿਕਾਰ ਨਹੀਂ ਆ ਜਾਂਦਾ। ਹਾਈ ਕੋਰਟ ਦੇ ਇਸ ਹੁਕਮ ਪਿੱਛੋਂ ਕਿਰਨ ਬੇਦੀ ਪੁੱਡੂਚੇਰੀ ਸਰਕਾਰ ਕੋਲੋਂ ਕਿਸੇ ਵੀ ਫਾਈਲ ਬਾਰੇ ਨਹੀਂ ਪੁੱਛ ਸਕਦੀ। ਇਹੀ ਨਹੀਂ, ਉਹ ਨਾ ਸਰਕਾਰ ਵੱਲੋਂ ਅਤੇ ਨਾ ਸਰਕਾਰ ਨੂੰ ਕੋਈ ਹੁਕਮ ਜਾਰੀ ਕਰ ਸਕਦੀ ਹੈ। ਰਾਜੇ ਦੇ ਮੁੱਖ ਮੰਤਰੀ ਨਾਰਾਇਣ ਸਾਮੀ ਨੇ ਇਸ ਸਾਲ ਫਰਵਰੀ 'ਚ ਕਿਰਨ ਬੇਦੀ 'ਤੇ ਵੱਖ ਵੱਖ ਕੰਮਾਂ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਦਾ ਦੋਸ਼ ਲਾਇਆ ਸੀ। ਉਨ੍ਹਾਂ ਨੇ ਰਾਜ ਭਵਨ ਸਾਹਮਣੇ ਧਰਨਾ ਵੀ ਦਿੱਤਾ ਤੇ ਕਿਰਨ ਬੇਦੀ ਉੱਤੇ ਵੱਖ ਵੱਖ ਸਰਕਾਰੀ ਯੋਜਨਾਵਾਂ ਨੂੰ ਰੱਦ ਕਰਨ ਅਤੇ ਫਾਈਲਾਂ ਵਾਪਸ ਭੇਜਣ ਦੇ ਦੋਸ਼ ਲਾਏ ਸਨ। ਮੁੱਖ ਮੰਤਰੀ ਨੇ ਕਿਹਾ ਸੀ ਕਿ ਜਦੋਂ ਤੋਂ ਕਿਰਨ ਬੇਦੀ ਉਪ ਗਵਰਨਰ ਬਣੀ ਹੈ, ਉਹ ਸਰਕਾਰ ਦੇ ਵਿਕਾਸ ਕਾਰਜਾਂ ਨੂੰ ਰੋਕ ਰਹੀ ਹੈ।

jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

# ਗੰਗਾ ਦੀ ਸਫਾਈ ਲਈ ਮਿਲੀ ਰਕਮ ਤੋਂ ਮੋਦੀ ਸਰਕਾਰ ਨੇ 100 ਕਰੋੜ ਦਾ ਵਿਆਜ ਕਮਾਇਆ

ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਭਾਵੇਂ ਮੋਦੀ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚਣ ਪਿੱਛੋਂ ਵੀ ਗੰਗਾ ਸਾਫ ਨਹੀਂ ਹੋਈ, ਪਰ ਗੰਗਾ ਇਸ ਦੇਸ਼ ਦੀ ਅੱਧੀ ਆਬਾਦੀ ਦੀ ਰੋਜ਼ੀ ਦਾ ਸਾਧਨ ਬਣੀ ਹੋਈ ਹੈ ਤੇ ਇਸ ਦੇ ਨਾਲ ਸਿਆਸੀ ਲੀਡਰਾਂ ਦੀ ਸਿਆਸਤ ਦਾ ਵੀ ਅਹਿਮ ਜ਼ਰੀਆ ਬਣੀ ਹੋਈ ਹੈ। ਇਸ ਤੋਂ ਵੀ ਵੱਧ ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਗੰਗਾ ਦੇ ਨਾਂਅ 'ਤੇ ਕੇਂਦਰ ਸਰਕਾਰ ਨੇ ਨਾ ਸਿਰਫ ਕਰੋੜਾਂ ਰੁਪਏ ਆਮ ਆਦਮੀ ਤੋਂ ਦਾਨ ਦੇ ਤੌਰ 'ਤੇ ਲੈ ਰਹੀ ਹੈ, ਬਲਕਿ ਉਸ ਨੂੰ ਖਰਚ ਨਾ ਕਰ ਕੇ ਸਾਲ ਦਰ ਸਾਲ ਉਸ ਪੈਸੇ 'ਤੇ ਭਾਰੀ ਵਿਆਜ ਕਮਾ ਰਹੀ ਹੈ।

ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਗੰਗਾ ਜਲ ਦੀ ਵਿਕਰੀ ਕਰ ਕੇ ਪੋਸਟ ਆਫਿਸ ਰਾਹੀਂ ਵੀ ਪੈਸਾ ਕਮਾ ਰਹੀ ਹੈ। ਕੁੱਲ ਮਿਲਾ ਕੇ ਮਾਂ ਗੰਗਾ ਭਾਵੇਂ ਆਪਣੀ ਹੋਂਦ ਦੀ ਲੜਾਈ ਲੜ ਰਹੀ ਹੈ, ਫਿਰ ਵੀ ਆਪਣੇ ਪੁੱਤਰ ਦੇ ਖਜ਼ਾਨਿਆਂ ਨੂੰ ਭਰਦੀ ਜਾ ਰਹੀ ਹੈ। ਮਿਸਾਲ ਵਜੋਂ ਨੈਸ਼ਨਲ ਮਿਸ਼ਨ ਫਾਰ ਕਲੀਨ ਗੰਗਾ ਹੇਠ ਇੱਕ ਫੰਡ ਬਣਾਇਆ ਗਿਆ ਸੀ ਜਿਸ ਦਾ ਨਾਂਅ ਹੈ ਕਲੀਨ ਗੰਗਾ ਫੰਡ। ਇਹ ਫੰਡ 2016 ਵਿੱਚ ਬਣਾਇਆ ਗਿਆ ਸੀ। ਇਸ ਹੇਠ ਆਮ ਲੋਕ ਗੰਗਾ ਸਫਾਈ ਲਈ ਆਪਣੇ ਵੱਲੋਂ ਫੰਡ ਦੇਂਦੇ ਹਨ। ਬੀਤੀ ਛੇ ਨਵੰਬਰ 2018 ਨੂੰ ਭਾਰਤ ਸਰਕਾਰ ਦੇ ਜਲ ਸਰੋਤ ਮੰਤਰਾਲੇ ਤੋਂ ਆਰ ਟੀ ਆਈ ਤਹਿਤ ਮਿਲੀ ਸੂਚਨਾ ਮੁਤਾਬਕ 15 ਅਕਤੂਬਰ 2018 ਤੱਕ ਇਸ ਫੰਡ ਵਿੱਚ 266.94 ਕਰੋੜ ਜਮ੍ਹਾ ਹੋਏ ਸਨ। ਇਸ ਤੋਂ ਬਿਨਾ ਮਾਰਚ 2014 (ਮੋਦੀ ਦੇ ਸੱਤਾ ਵਿੱਚ ਆਉਣ ਤੋਂ ਪਹਿਲਾਂ) ਵਿੱਚ ਨੈਸ਼ਨਲ ਮਿਸ਼ਨ ਫਾਰ ਕਲੀਨ ਗੰਗਾ ਦੇ ਖਾਤੇ ਵਿਚਲੀ ਰਾਸ਼ੀ ਦਾਨ ਅਤੇ ਵਿਦੇਸ਼ੀ ਕਰਜ਼ੇ ਵਜੋਂ ਜਮ੍ਹਾ ਸੀ ਉਸ 'ਤੇ ਸਰਕਾਰ ਨੂੰ ਸੱਤ ਕਰੋੜ 64 ਲੱਖ ਰੁਪਏ ਦਾ ਵਿਆਜ ਮਿਲਿਆ ਸੀ। ਇਸ ਪਿੱਛੋਂ ਮਾਰਚ 2017 ਵਿੱਚ ਇਸ ਖਾਤੇ ਵਿੱਚ ਆਈ ਰਕਮ ਸੱਤ ਕਰੋੜ ਤੋਂ ਵੱਧ ਕੇ 107 ਕਰੋੜ ਹੋ ਗਈ ਸੀ। ਇਸ ਦੇ ਨਾਲ ਮੋਦੀ ਸਰਕਾਰ ਨੇ ਐੱਨ ਐੱਮ ਸੀ ਜੀ ਦੇ ਖਾਤੇ ਰਾਹੀਂ 100 ਕਰੋੜ ਰੁਪਏ ਦਾ ਵਿਆਜ ਕਮਾ ਲਿਆ। ਸਰਕਾਰ ਨੂੰ ਜੋ ਵਿਦੇਸ਼ੀ ਕਰਜ਼ਾ ਮਿਲਦਾ ਹੈ। ਉਸ 'ਤੇ ਵਿਆਜ ਦੇਣਾ ਹੁੰਦਾ ਹੈ, ਪਰ ਮੋਦੀ ਸਰਕਾਰ ਦੇ ਕਰਜ਼ੇ ਦੇ ਪੈਸੇ 'ਤੇ ਵੀ ਭਾਰੀ ਵਿਆਜ ਕਮਾ ਲਿਆ। ਇਸ ਤੋਂ ਇਲਾਵਾ ਮੋਦੀ ਸਰਕਾਰ ਨੇ ਗੰਗਾ ਜਲ ਵੇਚ ਕੇ ਦੋ ਸਾਲਾਂ ਵਿੱਚ 52 ਲੱਖ 36 ਹਜ਼ਾਰ ਛੇ ਸੌ 58 ਰੁਪਏ ਕਮਾ ਲਏ ਹਨ। ਕਰੀਬ 119 ਸ਼ਹਿਰਾਂ ਦੇ ਪੋਸਟ ਆਫਿਸਾਂ ਦੇ ਜ਼ਰੀਏ ਵਿੱਤੀ ਸਾਲ 2016-17, 2017-18 ਦੌਰਾਨ ਦੋ ਲੱਖ 65 ਹਜ਼ਾਰ ਅੱਠ ਸੌ ਬੋਤਲਾਂ ਵੇਚੀਆਂ ਗਈਆਂ। ਇਹ ਅੰਕੜਾ ਜੂਨ 2018 ਤੱਕ ਦਾ ਹੈ।



NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਕੇਂਦਰ ਉੱਤੇ ਬਿਨਾਂ ਵੈਲਿਊਏਸ਼ਨ ਕੀਤੇ 358 ਮਾਈਨਿੰਗ ਲੀਜ਼ ਦੇ ਐਕਸਟੈਂਸ਼ਨ ਦਾ ਦੋਸ਼

ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਰਾਹੀਂ ਕੇਂਦਰ ਸਰਕਾਰ ਉਤੇ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਦੇਸ਼ ਵਿੱਚ 358 ਕੱਚੇ ਲੋਹੇ ਦੀਆਂ ਖੱਡਾਂ ਦੀ ਲੀਜ ਦਾ ਐਕਸਟੇਂਸ਼ਨ ਬਿਨਾਂ ਵੈਲਿਊਏਸਨ ਕੀਤੇ ਕਰ ਦਿੱਤਾ ਹੈ। ਇਸ ਨਾਲ ਦੇਸ਼ ਦੀ ਜਨਤਾ ਦੇ ਟੈਕਸਾਂ ਦਾ ਚਾਰ ਲੱਖ ਕਰੋੜ ਰੁਪਏ ਨੁਕਸਾਨ ਹੋਇਆ ਹੈ।

ਇਸ ਕੇਸ ਬਾਰੇ ਸੁਪਰੀਮ ਕੋਰਟ ਦੇ ਜਸਟਿਸ ਐੱਸ ਏ ਬੋਬਡੇ ਦੀ ਅਗਵਾਈ ਵਾਲੀ ਬੈਂਚ ਨੇ ਸੁਣਵਾਈ ਕਰਦੇ ਹੋਏ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਕਿ ਇਨ੍ਹਾਂ ਦੀ ਮਾਈਨਿੰਗ ਲੀਜ਼ ਨੂੰ ਕਿਉਂ ਨਾ ਰੱਦ ਕੀਤਾ ਜਾਏ? ਇਸ ਦੇ ਇਲਾਵਾ ਕੋਰਟ ਨੇ ਉੜੀਸਾ, ਝਾਰਖੰਡ, ਕਰਨਾਟਕ ਅਤੇ ਸੀ ਬੀ ਆਈ ਨੂੰ ਨੋਟਿਸ ਜਾਰੀ ਕੀਤਾ ਹੈ। ਕੋਰਟ ਵਿੱਚ ਇਸ ਮਾਮਲੇ ਦੇ ਸੰਬੰਧ ਵਿੱਚ ਵਕੀਲ ਐੱਮ ਐੱਲ ਸ਼ਰਮਾ ਨੇ ਇੱਕ ਜਨਹਿਤ ਅਰਜ਼ੀ ਦਾਇਰ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਦੇਸ਼ ਵਿੱਚ ਕੱਚੇ ਲੋਹੇ ਅਤੇ ਖਣਿਜ ਦੀ ਮਾਈਨਿੰਗ ਖਦਾਨਾਂ ਦੀ ਲੀਜ਼ ਦਾ ਐਕਸਟੇਂਸ਼ਨ ਦਾ ਫੈਸਲਾ ਲੈ ਕੇ ਕੇਂਦਰ ਸਰਕਾਰ ਨੇ ਭ੍ਰਿਸ਼ਟਾਚਾਰ ਕੀਤਾ ਹੈ। ਪਟੀਸ਼ਨਰ ਦਾ ਦੋਸ਼ ਹੈ ਕਿ 358 ਖੱਡਾਂ ਦੀ ਮਾਈਨਿੰਗ ਲੀਜ਼ ਦੀ ਮਿਆਦ ਵਧਾਉਣ ਦਾ ਫੈਸਲਾ ਲੈਣ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਨਾ ਉਨ੍ਹਾਂ ਦਾ ਮੌਜੂਦਾ ਸਮੇਂ ਅਨੁਸਾਰ ਵੈਲਿਊਏਸ਼ਨ ਕਰਾਇਆ ਅਤੇ ਨਾ ਉਨ੍ਹਾਂ ਦੀ ਨੀਲਾਮੀ ਦੀ ਪ੍ਰਕਿਰਿਆ ਕੀਤੀ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਨੇ ਇੱਕ ਹੁਕਮ ਜਾਰੀ ਕਰ ਕੇ ਜਿਸ ਦੇ ਕੋਲ ਪਹਿਲਾਂ ਮਾਈਨਿੰਗ ਲੀਜ਼ ਸੀ, ਉਸ ਨੂੰ ਫਿਰ ਉਨ੍ਹਾਂ ਖੱਡਾਂ ਦੀ ਮਾਈਨਿੰਗ ਲੀਜ਼ ਦੇ ਦਿੱਤੀ ਹੈ। ਇਸ ਤਰ੍ਹਾਂ ਨਾਲ ਲੋਕਾਂ ਦੇ ਟੈਕਸ ਤੋਂ ਇਕੱਠੀ ਕਰੀਬ ਚਾਰ ਲੱਖ ਕਰੋੜ ਰੁਪਏ ਦਾ ਭਾਰੀ ਨੁਕਸਾਨ ਸਰਕਾਰ ਨੂੰ ਹੋਇਆ।

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਅਮਰੀਕਾ ਦੇ ਡਿਪਟੀ ਅਟਾਰਨੀ ਜਨਰਲ ਨੇ ਅਹੁਦਾ ਛੱਡ ਦੇਣ ਦਾ ਐਲਾਨ ਕੀਤਾ



ਵਾਸ਼ਿੰਗਟਨ, 1 ਮਈ (ਪੋਸਟ ਬਿਊਰੋ)- ਅਮਰੀਕਾ ਦੇ ਡਿਪਟੀ ਅਟਾਰਨੀ ਜਨਰਲ ਰਾਡ ਰੋਜਨਸਟੀਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਰੋਜਨਸਟੀਨ ਨੇ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਕਥਿਤ ਰੂਸੀ ਦਖਲ ਦੀ ਜਾਂਚ ਦੀ ਅਗਵਾਈ ਲਈ ਵਿਸ਼ੇਸ਼ ਵਕੀਲ ਰਾਬਰਟ ਮੂਲਰ ਨੂੰ ਚੁਣਿਆ ਸੀ ਅਤੇ ਉਨ੍ਹਾਂ ਨੂੰ ਰਾਜਨੀਤਕ ਦਖਲ ਤੋਂ ਬਚਾਈ ਰੱਖਿਆ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲਿਖੇ ਪੱਤਰ ਵਿੱਚ ਰੋਜਨਸਟੀਨ ਨੇ ਕਿਹਾ ਕਿ ਉਹ 11 ਮਈ ਨੂੰ ਅਹੁਦਾ ਛੱਡ ਦੇਣਗੇ। ਨਿਆ ਮੰਤਰਾਲੇ ਵਿੱਚ ਦੂਸਰੇ ਨੰਬਰ ਦੇ ਅਧਿਕਾਰੀ ਰਹਿ ਚੁੱਕੇ ਰੋਜਨਸਟੀਨ ਦਾ ਦੋ ਸਾਲ ਦਾ ਕਾਰਜਕਾਲ ਉਤਾਰ ਚੜ੍ਹਾਅ ਭਰਿਆ ਰਿਹਾ ਹੈ। ਸੀਨੀਅਰ ਰਿਪਬਲਿਕਨ ਵਕੀਲ ਰਹਿ ਚੁੱਕੇ 54 ਸਾਲਾ ਰੋਜਨਸਟੀਨ ਨੇ 17 ਮਈ 2017 ਨੂੰ ਪੂਰੇ ਦੇਸ਼ ਨੂੰ ਓਦੋਂ ਹੈਰਾਨੀ ਵਿੱਚ ਪਾ ਦਿੱਤਾ ਸੀ, ਜਦੋਂ ਟਰੰਪ ਵੱਲੋਂ ਐਫ ਬੀ ਆਈ ਡਾਇਰੈਕਟਰ ਜੇਮਸ ਕੋਮੀ ਨੂੰ ਬਰਖਾਸਤ ਕਰਨ ਦੇ ਬਾਅਦ ਉਨ੍ਹਾਂ ਨੇ ਇਕ ਆਜ਼ਾਦ ਵਕੀਲ ਨੂੰ ਰੂਸੀ ਦਖਲ ਦੀ ਜਾਂਚ ਲਈ ਚੁਣਿਆ ਸੀ। ਓਦੋਂ ਦੇ ਅਟਾਰਨੀ ਜਨਰਲ ਜੇਫ ਸੇਸ਼ਨਸ ਨੇ ਜਾਂਚ ਤੋਂ ਖੁਦ ਨੂੰ ਪਹਿਲਾਂ ਹੀ ਵੱਖ ਕਰ ਲਿਆ ਸੀ, ਜਿਸ ਦੇ ਬਾਅਦ ਚਾਰਜ ਰੋਜਨਸਟੀਨ ਦੇ ਹੱਥ ਵਿੱਚ ਆ ਗਿਆ ਸੀ। ਉਨ੍ਹਾਂ ਨੇ ਪਿਛਲੇ ਸਾਲ ਸਾਫ ਕਰ ਦਿੱਤਾ ਸੀ ਕਿ ਮੂਲਰ ਦੀ ਰਿਪੋਰਟ ਜਾਰੀ ਹੋਣ ਦੇ ਬਾਅਦ ਉਹ ਅਸਤੀਫਾ ਦੇ ਦੇਣਗੇ। ਮੂਲਰ ਨੇ 18 ਅਪ੍ਰੈਲ ਨੂੰ ਜਾਰੀ ਆਪਣੀ ਅੰਤਮ ਰਿਪੋਰਟ ਵਿੱਚ ਨਤੀਜਾ ਦਿੱਤਾ ਸੀ ਕਿ ਟਰੰਪ ਮੁਹਿੰਮ ਵਿੱਚ ਸ਼ਾਮਲ ਕਿਸੇ ਵਿਅਕਤੀ ਨੇ ਰੂਸ ਨਾਲ ਮੇਲ ਜੋਲ ਜਾਂ ਸਾਜ਼ਿਸ਼ ਨਹੀਂ ਕੀਤੀ ਸੀ।

# ਭਾਰਤ ਵਿੱਚ ਧਾਰਮਿਕ ਆਜ਼ਾਦੀ ਦਾ ਪੱਧਰ 2018 ਵਿੱਚ ਵੀ ਹੇਠਾਂ ਵੱਲ ਨੂੰ ਰਿਹਾ



ਵਾਸ਼ਿੰਗਟਨ, 1 ਮਈ (ਪੋਸਟ ਬਿਊਰੋ)- ਅਮਰੀਕਾ ਦੀ ਫੈਡਰਲ ਸਰਕਾਰ ਵੱਲੋਂ ਬਣਾਏ ਕਮਿਸ਼ਨ ਨੇ ਭਾਰਤ ਨੂੰ ਅਜਿਹਾ ਦੇਸ਼ ਦੱਸਿਆ ਹੈ, ਜਿੱਥੇ ਧਰਮ ਅਤੇ ਰਾਜਨੀਤੀ ਨੂੰ ਵੱਖ ਕਰਨਾ ਹੌਲੀ-ਹੌਲੀ ਬੇਹੱਦ ਮੁਸ਼ਕਲ ਹੁੰਦਾ ਜਾਂਦਾ ਹੈ, ਨਾਲ ਇਹ ਦੋਸ਼ ਲਾਇਆ ਗਿਆ ਹੈ ਕਿ ਭਾਰਤ ਵਿੱਚ 2018 ਵਿੱਚ ਵੀ ਧਾਰਮਿਕ ਆਜ਼ਾਦੀ ਘੱਟ ਹੋਈ ਹੈ।

ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂ ਐੱਸ ਸੀ ਆਈ ਆਰ ਐੱਫ) ਨੇ ਸੰਸਾਰ ਭਰ ਦੇ ਦੇਸ਼ਾਂ ਵਿੱਚ ਧਾਰਮਿਕ ਆਜ਼ਾਦੀ ਬਾਰੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਹੈ ਕਿ ਕਈ ਦੇਸ਼ਾਂ ਵਿੱਚ ਉਸ ਨੇ 2018 ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ ਖਰਾਬ ਹੁੰਦੀ ਵੇਖੀ ਅਤੇ ਨਾਲ ਇਹ ਵੀ ਵੇਖਿਆ ਕਿ ਧਰਮ ਦਾ ਸਿਆਸੀਕਰਨ ਵੀ ਵਧਿਆ ਹੈ। ਯੂ ਐੱਸ ਸੀ ਆਈ ਆਰ ਐੱਫ ਨੇ ਕਿਹਾ, ਮਿਸਾਲ ਲਈ ਭਾਰਤ ਵਰਗੇ ਦੇਸ਼ ਵਿੱਚ ਧਰਮ ਅਤੇ ਰਾਜਨੀਤੀ ਨੂੰ ਵੱਖ ਕਰਨਾ ਲਗਾਤਾਰ ਮੁਸ਼ਕਲ ਹੁੰਦਾ ਜਾਂਦਾ ਹੈ, ਇਹ ਉਹ ਚਾਲ ਹੈ, ਜੋ ਕਦੇ-ਕਦੇ ਅਜਿਹੇ ਲੋਕਾਂ ਦੀ ਇੱਛਾ ਬਣ ਜਾਂਦੀ ਹੈ, ਜੋ ਕੁਝ ਨਿਸ਼ਚਿਤ ਧਾਰਮਿਕ ਫਿਰਕਿਆਂ ਦੇ ਅਧਿਕਾਰਾਂ ਨੂੰ ਸੀਮਿਤ ਕਰਨ ਅਤੇ ਉਨ੍ਹਾਂ ਦੇ ਖਿਲਾਫ ਭੇਤਭਾਵ ਕਰਨਾ ਚਾਹੁੰਦੇ ਹਨ। ਭਾਰਤ ਦਾ ਜ਼ਿਕਰ ਕੀਤੇ ਬਿਨਾਂ ਰਿਪੋਰਟ ਵਿੱਚ ਕਿਹਾ ਗਿਆ ਕਿ ਜੋ ਸਰਕਾਰਾਂ ਇਨ੍ਹਾਂ ਸ਼ੋਸ਼ਣਾਂ ਨੂੰ ਬਰਦਾਸ਼ਤ ਕਰਦੀਆਂ ਜਾਂ ਬੜਾਵਾ ਦਿੰਦੀਆਂ ਹਨ ਅਤੇ ਉਹ ਅਕਸਰ, ਅੰਦਰੂਨੀ ਮਾਮਲਿਆਂ ਵਿਚ ਦਖਲ ਦਾ ਨਾਂਅ ਦੇ ਕੇ ਇਸ ਤੋਂ ਬਚਣ ਦੀ ਕੋਸ਼ਿਸ ਕਰਦੀਆਂ ਰਹਿੰਦੀਆਂ ਹਨ।

# ਇਟਾਲੀਅਨ ਡਾਕਟਰ ਆਪਣੇ ਦੇਸ਼ ਤੋਂ ਕਿਨਾਰਾ ਕਰਨ ਲੱਗੇ

ਮਿਲਾਨ (ਇਟਲੀ), 1 ਮਈ (ਪੋਸਟ ਬਿਊਰੋ)- ਇਟਲੀ ਦੀ ਨਵੀਂ ਪੀੜ੍ਹੀ ਚੰਗੇ ਭਵਿੱਖ ਦੀ ਆਸ 'ਚ ਵਿਦੇਸ਼ਾਂ ਨੂੰ ਜਾ ਰਹੀ ਹੈ। ਇਹ ਨੌਜਵਾਨ ਇਟਲੀ 'ਚ ਪੜ੍ਹਾਈ ਪੂਰੀ ਕਰਨ ਪਿੱਛੋਂ ਵਿਦੇਸ਼ 'ਚ ਰਹਿਣ ਨੂੰ ਪਹਿਲ ਦੇ ਰਹੇ ਹਨ।

ਪਿਛਲੇ ਦਹਾਕੇ ਵਿੱਚ ਕਰੀਬ ਪੰਜ ਲੱਖ ਇਟਾਲੀਅਨ ਲੋਕ ਵਿਦੇਸ਼ ਵਿੱਚ ਜਾ ਕੇ ਵੱਸ ਚੁੱਕੇ ਹਨ। ਇਟਾਲੀਅਨ ਡਾਕਟਰ ਵੀ ਇਸ ਦੌੜ ਵਿੱਚ ਪਿੱਛੇ ਨਹੀਂ ਹਨ। ਪਿਛਲੇ 15 ਸਾਲ ਵਿੱਚ ਇਟਲੀ ਤੋਂ 14000 ਡਾਕਟਰ ਕਿਨਾਰਾ ਕਰ ਚੁੱਕੇ ਹਨ ਤੇ ਇਸ ਸਮੇਂ ਪੂਰੇ ਯੂਰਪ ਵਿੱਚ ਕੰਮ ਕਰਨ ਵਾਲੇ ਡਾਕਟਰਾਂ ਵਿੱਚ 52 ਫੀਸਦੀ ਇਟਾਲੀਅਨ ਹਨ। ਅੱਗੋਂ ਇਨ੍ਹਾਂ ਡਾਕਟਰਾਂ ਦੀ ਕਾਬਲੀਅਤ ਦੇਖ ਕੇ ਅਰਬ ਦੇਸ਼ਾਂ ਨੇ ਇਟਾਲੀਅਨ ਡਾਕਟਰਾਂ ਨੂੰ ਅਰਬ 'ਚ ਕੰਮ ਕਰਨ ਦੇ ਆਫਰ ਦੇਣੇ ਸ਼ੁਰੂ ਕਰ ਦਿੱਤੇ ਹਨ। ਅਰਬ ਦੇਸ਼ ਯੂ ਏ ਈ ਨੇ ਇਟਾਲੀਅਨ ਡਾਕਟਰਾਂ ਨੂੰ 20,000 ਯੂਰੋ ਤਨਖਾਹ, ਘਰ, ਬੱਚਿਆਂ ਦੇ ਲਈ ਸਕੂਲ, ਗੱਡੀ ਅਤੇ ਡਰਾਈਵਰ ਦੇਣ ਦੀ ਪੇਸ਼ਕਸ਼ ਕੀਤੀ ਹੈ। ਇਟਲੀ ਦੇ ਡਾਕਟਰਾਂ ਦੀ ਮੰਗ ਇੰਗਲੈਂਡ, ਸਵਿਟਜ਼ਰਲੈਂਡ, ਜਰਮਨ, ਫਰਾਂਸ, ਬੈਲਜੀਅਮ ਤੇ ਹਾਲੈਂਡ ਵਿੱਚ ਵੱਧ ਹੈ। ਯੂਰਪ ਤੋਂ ਬਾਹਰ ਸਾਊਦੀ ਅਰਬ, ਕਤਰ, ਸੀਰੀਆ, ਲਿਬੀਆ, ਇਰਾਕ, ਸੂਡਾਨ ਤੇ ਸੋਮਾਲੀਆ ਵਿੱਚ ਵਧੇਰੇ ਮੰਗ ਹੈ। ਬੇਸ਼ੱਕ ਇਟਲੀ ਵਿੱਚ ਕੁਝ ਅਜਿਹੇ ਡਾਕਟਰ ਹਨ ਜਿਹੜੇ ਇਟਲੀ 'ਚ ਰਹਿਣਾ ਪਸੰਦ ਕਰਦੇ ਹਨ, ਪਰ ਵਧੇਰੇ ਗਿਣਤੀ ਉਨ੍ਹਾਂ ਡਾਕਟਰਾਂ ਦੀ ਹੈ, ਜਿਹੜੇ ਪੈਸਾ ਕਮਾਉਣ ਜਾਂ ਚੰਗੀ ਜ਼ਿੰਦਗੀ ਬਸਰ ਕਰਨ ਲਈ ਬਿਨਾਂ ਸ਼ਰਤ ਇਟਲੀ ਤੋਂ ਕੂਚ ਕਰ ਰਹੇ ਹਨ।

# ਹਮਲੇ ਦੀ ਤਿਆਰੀ ਕਰਦਾ ਪਿਆ ਸਾਬਕਾ ਫੌਜੀ ਗ੍ਰਿਫਤਾਰ





ਲਾਸ ਏਂਜਲਸ, 1 ਮਈ (ਪੋਸਟ ਬਿਊਰੋ)- ਅਮਰੀਕਾ ਦੇ ਲਾਸ ਏਂਜਲਸ ਸ਼ਹਿਰ ਵਿੱਚ ਇਕ ਸਾਬਕਾ ਫੌਜੀ ਨੂੰ ਵੱਡੇ ਅੱਤਵਾਦੀ ਹਮਲੇ ਦੀ ਤਿਆਰੀ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ 26 ਸਾਲਾ ਮਾਰਕ ਸਟੀਵਨ ਡੋਮਿੰਗੋ ਨਿਊਜ਼ੀਲੈਂਡ ਦੀਆਂ ਦੋ ਮਸਜਿਦਾਂ 'ਚ ਹੋਈ ਗੋਲੀਬਾਰੀ ਦਾ ਬਦਲਾ ਲੈਣ ਲਈ ਲਾਂਗ ਬੀਚ ਵਿੱਚ ਹੋਣ ਵਾਲੀ ਰੈਲੀ ਨੂੰ ਨਿਸ਼ਾਨਾ ਬਣਾਉਣਾ ਚਾਹੁੰਦਾ ਸੀ। ਇਸ ਮਕਸਦ ਉੱਤੇ ਅਮਲ ਕਰਨ ਲਈ ਉਸ ਨੇ ਘਰ ਵਿੱਚ ਆਈ ਈ ਡੀ (ਇੰਪ੍ਰੋਵਾਇਜ਼ਡ ਐਕਸਪਲੋਸਿਵ ਡਿਵਾਈਸ) ਬਣਾਈ ਸੀ। ਫੈਡਰਲ ਜਾਂਚ ਏਜੰਸੀ (ਐਫ ਬੀ ਆਈ) ਦੇ ਅੰਡਰ ਕਵਰ ਏਜੰਟ ਦੀ ਸੂਚਨਾ ਉੱਤੇ ਉਸ ਨੂੰ ਪਿਛਲੇ ਸ਼ੁੱਕਰਵਾਰ ਨੂੰ ਫੜ ਲਿਆ ਗਿਆ। ਇਸ ਕੇਸ ਵਿੱਚ ਉਸ ਨੂੰ 15 ਸਾਲ ਤੱਕ ਜੇਲ੍ਹ ਹੋ ਸਕਦੀ ਹੈ।

ਫੌਜ ਦੀ ਨੌਕਰੀ ਦੌਰਾਨ ਡੋਮਿੰਗੋ ਅਫਗਾਨਿਸਤਾਨ ਵਿੱਚ ਵੀ ਤਾਇਨ-ਾਤ ਰਿਹਾ ਸੀ। ਪਿੱਛੇ ਜਿਹੇ ਉਸ ਨੇ ਇਸਲਾਮ ਧਰਮ ਅਪਣਾ ਲਿਆ ਸੀ। ਉਹ ਸੋਸ਼ਲ ਮੀਡੀਆ ਵਿੱਚ ਲਗਾਤਾਰ ਨਫਰਤ ਭਰੇ ਮੈਸੇਜ ਪੋਸਟ ਕਰ ਰਿਹਾ ਸੀ, ਜਿਸ ਤੋਂ ਬਾਅਦ ਅਧਿਕਾਰੀਆਂ ਦੀ ਨਜ਼ਰ ਉਸ ਉੱਤੇ ਪਈ। 2017 ਵਿੱਚ ਲਾਸ ਵੇਗਾਸ ਵਿੱਚ ਹੋਏ ਹਮਲੇ ਦਾ ਜ਼ਿਕਰ ਕਰਦੇ ਹੋਏ ਇਕ ਮੈਸੇਜ 'ਚ ਉਸ ਨੇ ਲਿਖਿਆ ਸੀ ਕਿ ਅਮਰੀਕਾ ਨੂੰ ਫਿਰ ਵੇਗਾਸ ਵਰਗੇ ਹਮਲੇ ਦੀ ਲੋੜ ਹੈ।

## ਯੂ ਐੱਨ ਓ ਦੇ ਮੁਖੀ ਨੇ ਚੀਨ ਵਿੱਚ ਉਈਗਰਾਂ ਦਾ ਮੁੱਦਾ ਉਠਾਇਆ

ਯੂ ਐੱਨ, 1 ਮਈ (ਪੋਸਟ ਬਿਊਰੋ)- ਯੂ ਐਨ ਓ ਦੇ ਜਨਰਲ ਸਕੱਤਰ ਐਂਟੋਨੀਓ ਗੁਤੇਰਸ ਨੇ ਪਿਛਲੇ ਹਫਤੇ ਚੀਨ ਦੌਰੇ ਮੌਕੇ ਉਈਗਰਾਂ ਦਾ ਮੁੱਦਾ ਵੀ ਚੁੱਕਿਆ ਹੈ। ਉਨ੍ਹਾਂ ਨੇ ਚੀਨ ਨੂੰ ਸਾਵਧਾਨ ਕੀਤਾ ਕਿ ਸ਼ਿਨਜਿਆਂਗ ਸੂਬੇ ਵਿੱਚ ਰਹਿਣ ਵਾਲੇ ਉਈਗਰਾਂ ਮੁਸਲਮਾਨਾਂ ਨਾਲ ਉਸ ਦੇ ਰਵੱਈਏ ਉੱਤੇ ਯੂ ਐੱਨ ਦੀ ਨਜ਼ਰ ਹੈ। ਇਸ ਸੰਬੰਧ ਵਿੱਚ ਯੂ ਐਨ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਬੀਤੇ ਸੋਮਵਾਰ ਕਿਹਾ ਸੀ ਕਿ ਚੀਨ ਦੇ ਬੈਲਟ ਐਂਡ ਰੋਡ ਫੋਰਮਸ ਦੇ ਦੌਰਾਨ ਗੁਤੇਰਸ ਨੇ ਚੀਨੀ ਰਾਸ਼ਟਰਪਤੀ ਸ਼ੀ ਚਿਨਫਿੰਗ ਨਾਲ ਵੀ ਮੁਲਾਕਾਤ ਕੀਤੀ ਸੀ। ਉਈਗਰਾਂ ਦਾ ਮਾਮਲਾ ਉਠਾਏ ਜਾਣ ਬਾਰੇ ਪੁੱਛਣ 'ਤੇ ਦੁਜਾਰਿਕ ਨੇ ਕਿਹਾ, ਯੂ ਐੱਨ ਮੁਖੀ ਨੇ ਸਾਰੇ ਪ੍ਰਾਸੰਗਿਕ ਮਸਲਿਆਂ ਉੱਤੇ ਚੀਨ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਹੈ। ਉਨ੍ਹਾਂ ਨੇ ਸ਼ਿਨਜਿਆਂਗ ਦੇ ਹਾਲਾਤ ਉਤੇ ਵੀ ਚਰਚਾ ਕੀਤੀ ਹੈ।

# ਭਾਰਤ ਵਲੋਂ ਅਫਗਾਨਿਸਤਾਨ ਦੀ ਪਾਕਿ ਵਿਰੁੱਧ ਵਰਤੋਂ ਦਾ ਕੋਈ ਸਬੂਤ ਨਹੀਂ: ਅਮਰੀਕਾ

ਇਸਲਾਮਾਬਾਦ, 1 ਮਈ (ਪੋਸਟ ਬਿਊਰੋ)- ਅਮਰੀਕਾ ਨੇ ਬੁੱਧਵਾਰ ਨੂੰ ਪਾਕਿਸਤਾਨ ਦੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ ਕਿ ਭਾਰਤ ਉਸ ਦੇ ਦੇਸ਼ ਵਿੱਚ ਅੱਤਵਾਦ ਫੈਲਾਉਣ ਲਈ ਅਫਗਾਨਿਸਤਾਨ ਦੀ ਵਰਤੋਂ ਕਰ ਰਿਹਾ ਹੈ। ਉਸ ਨੇ ਕਿਹਾ ਕਿ ਪਾਕਿਸਤਾਨ ਦੇ ਦੋਸ਼ ਦੇ ਪੱਖ ਵਿੱਚ ਕੋਈ ਸਬੂਤ ਨਹੀਂ ਮਿਲਿਆ।

ਦੱਖਣੀ ਤੇ ਮੱਧ ਏਸ਼ੀਆ ਮਾਮ-ਲਿਆਂ ਦੀ ਇੰਚਾਰਜ ਵਿਦੇਸ਼ ਅਤੇ ਉਪ ਮੰਤਰੀ ਏਲਿਸ ਵੇਲਸ ਨੇ ਇਥੇ ਅਮਰੀਕੀ ਦੂਤਘਰ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਤੁਸੀਂ ਜੋ ਕੁਝ ਕਹਿ ਰਹੇ ਹੋ, ਉਸ ਦੇ ਸਬੰਧ ਵਿੱਚ ਮੇਰੇ ਕੋਲ ਕੋਈ ਸਬੂਤ ਨਹੀਂ ਹਨ, ਪਰ ਸਾਡੀ ਨੀਤੀ ਸਾਫ ਹੈ ਕਿ ਕੋਈ ਵੀ ਦੇਸ਼ ਗੈਰ-ਸਰਕਾਰੀ ਤੱਤਾਂ ਦਾ ਸਮਰਥਨ ਨਾ ਕਰੇ। ਪਾਕਿਸਤਾਨ ਲੰਬੇ ਸਮੇਂ ਤੋਂ ਇਹ ਕਹਿੰਦਾ ਰਿਹਾ ਹੈ ਕਿ ਭਾਰਤ ਗੜਬੜ ਫੈਲਾਉਣ ਲਈ ਅਫਗਾਨਿਸਤਾਨੀ ਧਰਤੀ ਦੀ ਵਰਤੋਂ ਕਰਦਾ ਹੈ। ਉਸ ਨੇ ਭਾਰਤੀ ਕੈਦੀ ਕੁਲਭੂਸ਼ਣ ਜਾਧਵ ਨੂੰ ਅਕਸਰ ਸਬੂਤ ਵਜੋਂ ਪੇਸ਼ ਕੀਤਾ ਹੈ, ਜਿਸ ਨੂੰ ਪਾਕਿਸਤਾਨ ਦੀ ਇੱਕ ਫੌਜੀ ਅਦਾਲਤ ਨੇ ਜਾਸੂਸੀ ਅਤੇ ਅੱਤਵਾਦ ਦੇ ਦੋਸ਼ਾਂ ਵਿੱਚ ਅਪ੍ਰੈਲ 2017 ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਪਾਕਿਸਤਾਨ ਦਾ ਦਾਅਵਾ ਹੈ ਕਿ ਉਸ ਦੇ ਸੁਰੱਖਿਆ ਬਲਾਂ ਨੇ ਜਾਧਵ ਨੂੰ ਈਰਾਨ ਤੋਂ ਇਸ ਦੇਸ਼ ਵਿੱਚ ਆਉਣ ਪਿੱਛੋਂ ਬਲੋਚਿਸਤਾਨ ਤੋਂ ਤਿੰਨ ਮਾਰਚ 2013 ਨੂੰ ਗ੍ਰਿਫਤਾਰ ਕੀਤਾ ਸੀ। ਭਾਰਤ ਦਾ ਕਹਿਣਾ ਹੈ ਕਿ ਜਾਧਵ ਨੂੰ ਈਰਾਨ ਵਿੱਚੋਂ ਅਗਵਾ ਕੀਤਾ ਗਿਆ ਸੀ। ਭਾਰਤੀ ਨੇਵੀ ਤੋਂ ਸੇਵਾਮੁਕਤ ਹੋਣ ਪਿੱਛੋਂ ਜਾਧਵ ਈਰਾਨ ਵਿੱਚ ਆਪਣੇ ਕਾਰੋਬਾਰ ਲਈ ਗਏ ਸਨ।

# ਗੱਡੀ ਵਿੱਚ ਪਾਣੀ ਦੀ ਬੋਤਲ ਹੋਣੀ ਵੀ ਖਤਰਨਾਕ!

ਵਾਸ਼ਿੰਗਟਨ, 1 ਮਈ (ਪੋਸਟ ਬਿਊਰੋ)- ਡਰਾਈਵਿੰਗ ਦੌਰਾਨ ਤਕਰੀਬਨ ਹਰ ਕਿਸੇ ਦੀ ਆਦਤ ਹੁੰਦੀ ਹੈ ਕਿ ਉਹ ਕਾਰ ਵਿੱਚ ਇਕ ਪਾਣੀ ਦੀ ਬੋਤਲ ਜ਼ਰੂਰ ਰੱਖਦਾ ਹੈ, ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਇਹੀ ਪਾਣੀ ਜਿਸ ਨੂੰ ਜੀਵਨ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਉਹ ਤੁਹਾਡੀ ਜਾਨ ਵੀ ਲੈ ਸਕਦਾ ਹੈ।

ਅਮਰੀਕਾ ਦੀ 'ਇਹਾਡਾ' ਪਾਵਰ ਨਾਮ ਦੀ ਕੰਪਨੀ ਵਿੱਚ ਕੰਮ ਕਰਨ ਵਾਲੇ ਇਕ ਬੈਟਰੀ ਟੈਕਨੀਸ਼ੀਅਨ ਨੇ ਇਕ ਵੀਡੀਓ ਬਣਾਇਆ ਅਤੇ ਇਸ ਨੂੰ ਕੰਪਨੀ ਦੇ ਅਧਿਕਾਰਕ ਫੇਸਬੁੱਕ ਪੇਜ਼ ਉੱਤੇ ਅਪਲੋਡ ਕੀਤਾ ਹੈ। ਇਸ ਵੀਡੀਓ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਪਾਣੀ ਦੀ ਬੋਤਲ ਦੇ ਕਾਰਨ ਤੁਹਾਡੀ ਕਾਰ ਨੂੰ ਅੱਗ ਲੱਗ ਸਕਦੀ ਹੈ। ਤੁਸੀਂ ਮੈਗਨੀਫਾਈਂਗ ਗਲਾਸ ਨਾਲ ਅੱਗ ਲਾਉਣ ਦੇ ਪ੍ਰਯੋਗ 'ਤੇ ਹੱਥ ਅਜ਼ਮਾ ਕੇ ਵੇਖੋ, ਇਸ ਘਟਨਾ ਵਿੱਚ ਵੀ ਇਹੀ ਕੁਝ ਹੁੰਦਾ ਹੈ। ਦਰਅਸਲ ਜਦ ਤੁਸੀਂ ਪਾਣੀ ਨਾਲ ਭਰੀ ਬੋਤਲ ਨੂੰ ਕਾਰ ਵਿੱਚ ਕਿਸੇ ਅਜਿਹੀ ਜਗ੍ਹਾ ਛੱਡਦੇ ਹੋ ਜਿਥੇ ਸਿੱਧੀ ਸੂਰਜ ਦੀ ਰੋਸ਼ਨੀ ਪੈਂਦੀ ਹੈ ਤਾਂ ਇਸ ਦੌਰਾਨ ਬੋਤਲ ਦਾ ਪਲਾਸਟਿਕ ਅਤੇ ਪਾਣੀ ਕਿਸੇ ਮੈਗਨੀਫਾਇੰਗ ਗਲਾਸ ਵਾਂਗ ਕੰਮ ਕਰਨ ਲੱਗਦੇ ਹਨ। ਜਦ ਬੋਤਲ 'ਤੇ ਸੂਰਜ ਦੀ ਸਿੱਧੀ ਰੋਸ਼ਨੀ ਪੈਂਦੀ ਹੈ ਤਾਂ ਪਾਣੀ ਤੋਂ ਹੋ ਕੇ ਬਾਹਰ ਕਾਰ ਦੀ ਬਾੱਡੀ ਤੱਕ ਜਾਂਦੀ ਹੈ। ਕਿਉਂਕਿ ਇਸ ਦੌਰਾਨ ਇਹ ਬੋਤਲ ਤੇ ਪਾਣੀ ਮਿਲ ਕੇ ਮੈਗਨੀਫਾਇੰਗ ਗਲਾਸ ਵਰਗਾ ਵਿਹਾਰ ਕਰਦੇ ਹਨ ਤਾਂ ਪਾਣੀ ਤੋਂ ਹੋ ਕੇ ਨਿਕਲਣ ਵਾਲੀਆਂ ਕਿਰਨਾਂ ਦਾ ਤਾਪਮਾਨ ਵਧ ਕੇ 250 ਡਿਗਰੀ ਤੱਕ ਪਹੁੰਚ ਸਕਦਾ ਹੈ। ਇੰਨਾ ਤਾਪਮਾਨ ਕਾਰ ਦੇ ਬਾਡੀ ਪਾਰਟ ਜਿਵੇਂ ਸੀਟ ਕਵਰ ਜਾਂ ਕਿਸੇ ਵੀ ਹਿੱਸੇ ਵਿੱਚ ਅੱਗ ਫੜਨ ਲਈ ਕਾਫੀ ਹੁੰਦਾ ਹੈ।

# ਬ੍ਰਿਟੇਨ ਵਿੱਚ ਇਨਫੈਕਟਿਡ ਖ਼ੂਨ ਨਾਲ ਮਰੇ ਲੋਕਾਂ ਦੇ ਪੁਰਾਣੇ ਕੇਸ ਦੀ ਜਾਂਚ ਸ਼ੁਰੂ



ਲੰਡਨ, 1 ਮਈ (ਪੋਸਟ ਬਿਊਰੋ)- ਬ੍ਰਿਟੇਨ ਦੀ ਸਰਕਾਰ ਨੇ ਪਿਛਲੀ ਸਦੀ ਦੇ 7ਵੇਂ ਅਤੇ 8ਵੇਂ ਦਹਾਕੇ ਵਿਚ ਮਰੀਜ਼ਾਂ ਨੂੰ ਇਨਫੈਕਸ਼ਨ ਵਾਲਾ ਖ਼ੂਨ ਚੜ੍ਹਾਏ ਜਾਣ ਦੇ ਕੇਸ ਦੀ ਜਾਂਚ ਫਿਰ ਸ਼ੁਰੂ ਕਰ ਦਿੱਤੀ ਹੈ। ਇਸ ਕੇਸ ਵਿੱਚ ਦੇਸ਼ ਵਿਚ ਲਗਪਗ 2400 ਲੋਕਾਂ ਦੀ ਮੌਤ ਹੋ ਗਈ ਸੀ। ਪੀੜਤਾਂ ਦੇ ਪਰਿਵਾਰਕ ਮੈਂਬਰ ਲੰਬੇ ਸਮੇਂ ਤੋਂ ਇਸ ਦੀ ਜਾਂਚ ਦੀ ਮੰਗ ਕਰ ਰਹੇ ਸਨ। ਇਸ ਕੇਸ ਵਿਚ ਪਿਛਲੀ ਜਾਂਚ ਨੂੰ ਪੀੜਤਾਂ ਨੇ ਲੀਪਾ-ਪੋਤੀ ਦੱਸਿਆ ਅਤੇ ਕਿਹਾ ਸੀ ਕਿ ਸਰਕਾਰ ਨੂੰ ਇਸ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ 2017 ਵਿਚ ਇਸ ਦੀ ਨਵੀਂ ਜਾਂਚ ਦੇ ਵਾਸਤੇ ਆਦੇਸ਼ ਦਿੱਤੇ ਸਨ। ਰਿਟਾਇਰਡ ਜੱਜ ਦੀ ਅਗਵਾਈ ਵਿਚ ਸ਼ੁਰੂ ਹੋਈ ਨਵੀਂ ਜਾਂਚ ਪੀੜਤਾਂ ਦਾ ਪੱਖ ਸੁਣਿਆ ਜਾਵੇਗਾ।

